
FARM AND SPICE
Open 7 Days a Week
8.30 am to 9.00 pm
SPECIAL OFFERS: 6 - 12 JAN
Daily Specials on
ਆਵੋਕਾਡੋ
Avocado
89¢ each
ਸੰਤਰਾ ਨਿੱਕਾ/ਵੱਡਾ
Orange Small/Large
$1.29 /lb
ਗਾਲਾ ਸੇਬ
Gala BC Apple
$1.49 /lb
ਧਨੀਆ
Cilantro
79¢ each
ਜ਼ੁਕੀਨੀ
Zuchinni
$1.49 /lb
ਵੈਜੀ ਮੈਰੋ
Veggie Marrow
$1.49 /lb
ਲਸਣ
Garlic Bulk
$1.49 /lb
ਐਂਬ੍ਰੋਸੀਆ ਸੇਬ
Ambrosia BC Apple
$1.49 /lb
ਜੰਬੋ ਬੈਂਗਣ
Eggplant Jumbo
$1.49 each
ਬੈਂਗਣ ਇੰਡੀਅਨ
Eggplant Indian
$1.99 /lb
ਅੱਦਰਕ
Ginger
$1.99 /lb
ਅਮਰੂਦ
Guava
$3.49 /lb
ਏ-ਪਲਸ ਸੋਯਾ
Aplus
Soya Chunks/ Mini Chunks
200g
$1.99 each
ਅਸ਼ੋਕਾ ਸਾਗ
Ashoka
Saron Ka Saag
850g
$2.99 each
ਕਾਸਾਬਲੈਂਕਾ ਕੁੱਕੀਜ਼
Casablanca
Almond/mango/Cashew Cookies
340g
$3.99 each
ਬਦਾਮ
Almonds
Supreme Quality
$4.49 /lb
ਬਿਕਾਨੋ ਸੁਜੀ ਰੱਸ
Bikano
Suji Rusk
600g
$4.49 each
ਯਮਕੀਨਜ਼ ਪਾਣੀ ਪੂਰੀ
Yamkeens
Pani Puri
360g
$4.99 each
ਬੀ ਸੀ ਮਿਕਸ ਨਮਕੀਨ
BC Asst. Snacks
320g
$2.99 each
ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo, mathura peda
400g
$5.99 each
ਟਾਟਾ ਚਾਹ
Tata
Tea Premium
220 bags
$8.99 each
ਸੈਂਚੁਰੀ ਚਾਹ
Century No. 1
Premium Tea
1kg
$11.99 each
ਏ ਪੱਲਸ ਚਾਵਲ
A+Plus
Everyday Basmati Rice
5kg
$11.99 each
ਏ+ਪਲਸ ਤੇਲ
A+Plus
Mustard Oil
2ltr
$10.99 each
ਏ+ਪਲਸ ਤੇਲ
A+Plus
Mustard Oil
5ltr
$26.99 each
LOHRI
ਗੁਰੂ ਜੀ ਗੱਚਕ
Guru Ji
Peanut Gachak
400g
$2.79 each
ਗੁਰੂ ਜੀ ਰੇਵੜੀ
Guru Ji
Reweri Gur/Sugar
800g
$3.99 each
ਵੇਰਕਾ ਮੂੰਗਫਲੀ
Verka
Peanuts
908g
$5.99 each
ITEMS AVAILABLE
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
Curbside pick up available
*while supply last

BRITISH
COLUMBIA
GURDWARAS
COUNCIL

# British Columbia Gurdwaras Council Cordially Invites you to join the Seminar

# Sikhs: Present & Future

## Keynote Speaker:
## Dr. Amarjeet Singh, Washington DC

**on Sunday, January 8th, 2023**
**from 5.30 PM to 8.00 PM**
**at**
**Grand Taj Banquet Hall**
**8388 128 St, Surrey, BC CANADA**

# ਜੇ ਅਗਲੀ ਵਾਰ ਫਿਰ ਕਿਸੇ ਹੋਰ ਪਾਰਟੀ ਦੀ ਸਰਕਾਰ ਆ ਗਈ ਤਾਂ ਫਿਰ ਮੈਂ ਤਾਂ ਭੱਜ ਜਾਵਾਂਗਾ:ਬਾਦਲ



ਮਲੋਟ:ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇੱਕ ਬਿਆਨ ਦਿੱਤਾ ਗਿਆ ਹੈ ਜੋ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਅਗਲੀ ਵਾਰ ਫਿਰ ਕਿਸੇ ਹੋਰ ਪਾਰਟੀ ਦੀ ਸਰਕਾਰ ਆ ਗਈ ਤਾਂ ਫਿਰ ਮੈਂ ਤਾਂ ਭੱਜ ਜਾਵਾਂਗਾ।ਅਸਲ ਵਿਚ ਇਹ ਸ਼ਬਦ ਉਨ੍ਹਾਂ ਨੇ ਪਾਰਟੀ ਵਰਕਰਾਂ ਨੂੰ ਮਜ਼ਾਕੀਆ ਅੰਦਾਜ਼ ਵਿਚ ਕਹੇ ਹਨ।ਇਸ ਮੌਕੇ ਵਰਕਰਾਂ ਨਾਲ ਰਸਮੀ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੀ ਲੰਬੀ ਵਿਖੇ ਹੋਈ ਹਾਰ ਦਾ ਉਨ੍ਹਾਂ ਨੂੰ ਬੇਹੱਦ ਅਫ਼ਸੋਸ ਹੈ। ਉਨ੍ਹਾਂ ਕਿਹਾ ਕਿ ਇਕ ਸਾਲ ਤੋਂ ਘੱਟ ਸਮੇਂ ਵਿਚ ਪੰਜਾਬ ਵਾਸੀਆਂ ਦਾ ਬੁਰਾ ਹਾਲ ਹੈ, 4 ਸਾਲ ਪਤਾ ਨਹੀਂ ਕਿਵੇਂ ਨਿਕਲਣਗੇ। ਵਰਕਰਾਂ ਵੱਲੋਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਅਗਲੀ ਸਰਕਾਰ ਅਕਾਲੀ ਦਲ ਦੀ ਬਣੇਗੀ।ਇਸ ਦੌਰਾਨ ਉਨ੍ਹਾਂ ਹੱਸਦੇ ਹੋਏ ਕਿਹਾ ਕਿ ਜੇ ਅਗਲੀ ਵਾਰੀ ਫਿਰ ਕਿਸੇ ਹੋਰ ਪਾਰਟੀ ਦੀ ਸਰਕਾਰ ਆ ਗਈ ਤਾਂ ਫਿਰ ਮੈਂ ਤਾਂ ਭੱਜ ਜਾਵਾਂਗਾ।

# ਸ੍ਰੀ ਮੁਕਤਸਰ ਸਾਹਿਬ ’ਚ ਖਾਲਿਸਤਾਨੀ ਨਾਹਰੇ ਲਿਖੇ


ਸ੍ਰੀ ਮੁਕਤਸਰ:ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਵਿਚ ਐਸਐਸਪੀ ਉਪਿੰਦਰਜੀਤ ਸਿੰਘ ਘੁੰਮਣ ਦੇ ਦਫ਼ਤਰ ਦੀ ਕੰਧ ’ਤੇ ਖਾਲਿਤਸਾਨ ਜ਼ਿੰਦਾਬਾਦ ਦੇ ਨਾਹਰੇ ਲਿਖੇ ਮਿਲੇ ਹਨ। ਵਿਦੇਸ਼ ਵਿਚ ਬੈਠੇ ਗੁਰਪਤਵੰਤ ਸਿੰਘ ਪਨੂੰ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ। ਵਿਦੇਸ਼ ਵਿਚ ਬੈਠੇ ਗੁਰਪਤਵੰਤ ਪਨੂੰ ਨੇ ਇਸ ਦੀ ਜ਼ਿੰਮੇਵਾਰੀ ਲੈਂਦੇ ਹੋਏ ਰਾਹੁਲ ਗਾਂਧੀ ਨੂੰ ਭਾਰਤ ਜੋੜੋ ਯਾਤਰਾ ਨੂੰ ਲੈ ਕੇ ਪੰਜਾਬ ਵਿਚ ਨਾ ਆਉਣ ਦੀ ਨਸੀਹਤ ਵੀ ਦੇ ਦਿੱਤੀ ਹੈ। ਨਾਹਰੇ ਲਿਖੇ ਹੋਣ ਦਾ ਪਤਾ ਚਲਦੇ ਹੀ ਪੁਲਿਸ ਨੇ ਉਨ੍ਹਾਂ ਮਿਟਾ ਦਿੱਤਾ। ਇਸ ਤੋਂ ਬਾਅਦ ਹੁਣ ਨਾਹਰੇ ਲਿਖਣ ਵਾਲਿਆਂ ਨੂੰ ਫੜਨ ਲਈ ਸੀਸੀਟੀਵੀ ਖੰਗਾਲੇ ਜਾ ਰਹੇ ਹਨ।

## (ਮੁੱਖ ਪੰਨੇ ਦੀ ਬਾਕੀ)

ਸਫੈਦ ਕਰਨ ਦਾ ਮੌਕਾ ਮੁਹੱਈਆ ਕਰਵਾਇਆ ਸੀ । ਜਿੱਥੋਂ ਤੱਕ ਮੁੱਦਾ ਨਕਲੀ ਨੋਟਾਂ ਦਾ ਹੈ, ਉਹ ਤਾਂ ਨਵੇਂ ਜਾਰੀ ਨੋਟਾਂ ਦੇ ਮਾਰਕੀਟ ਵਿੱਚ ਆਉਣ ਨਾਲ ਹੀ ਫਿਰ ਧੜੱਲੇ ਨਾਲ ਛਪਣੇ ਸ਼ੁਰੂ ਹੋ ਗਏ ਸਨ।ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ 2016 ਤੋਂ ਲੈ ਕੇ ਹੁਣ ਤੱਕ 245.33 ਕਰੋੜ ਰੁਪਏ ਦੇ ਜਾਅਲੀ ਨੋਟ ਬਰਾਮਦ ਹੋ ਚੁੱਕੇ ਹਨ। ਇਨ੍ਹਾਂ ਦਾ ਸਾਲ ਵਾਰ ਵੇਰਵਾ ਇਸ ਤਰ੍ਹਾਂ ਹੈ । ਸਾਲ 2016 ਵਿੱਚ 15.92 ਕਰੋੜ ਰੁਪਏ, 2017 ਵਿੱਚ 55.71 ਕਰੋੜ ਰੁਪਏ, 2018 ਵਿੱਚ 26.35 ਕਰੋੜ ਰੁਪਏ, 2019 ਵਿੱਚ 34.79 ਕਰੋੜ ਰੁਪਏ, 2020 ਵਿੱਚ 92.17 ਕਰੋੜ ਰੁਪਏ ਤੇ 2021 ਵਿੱਚ 20.39 ਕਰੋੜ ਰੁਪਏ ਦੇ ਨਕਲੀ ਨੋਟ ਜ਼ਬਤ ਕੀਤੇ ਗਏ ਸਨ।ਇਨ੍ਹਾਂ ਵਿੱਚ 2000 ਤੇ 500 ਵਾਲੇ ਨਵੇਂ ਨੋਟ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਸਨ। ਭਾਰਤੀ ਰਿਜ਼ਰਵ ਬੈਂਕ ਦੀ 2022 ਦੀ ਸਾਲਾਨਾ ਰਿਪੋਰਟ ਮੁਤਾਬਕ ਵਿੱਤੀ ਵਰ੍ਹੇ 2021-22 ਦੌਰਾਨ ਬੈਂਕਾਂ ਵੱਲੋਂ 2000 ਰੁਪਏ ਦੇ 13,604 ਨਕਲੀ ਨੋਟ ਫੜੇ ਗਏ ਸਨ, ਜੋ ਇਸ ਤੋਂ ਪਹਿਲੇ ਸਾਲ ਫੜੇ ਗਏ ਨੋਟਾਂ ਨਾਲੋਂ 54.6 ਫ਼ੀਸਦੀ ਵੱਧ ਸਨ । ਇਸੇ ਤਰ੍ਹਾਂ ਬੈਂਕਾਂ ਵੱਲੋਂ ਫੜੇ ਗਏ 500 ਰੁਪਏ ਦੇ ਨਕਲੀ ਨੋਟਾਂ ਦੀ ਗਿਣਤੀ ਵੀ ਪਿਛਲੇ ਵਰ੍ਹੇ ਨਾਲੋਂ ਦੁੱਗਣੀ ਹੋ ਕੇ 70,669 ਹੋ ਗਈ ਸੀ। 2020-21 ਦੌਰਾਨ ਬੈਂਕਾਂ ਵੱਲੋਂ ਕੁੱਲ 2,08,625 ਨਕਲੀ ਨੋਟ ਫੜੇ ਗਏ ਸਨ ਤੇ 2021-22 ਵਿੱਚ ਇਹ ਵਧ ਕੇ 2,30,971 ਹੋ ਗਏ ਸਨ।

ਆਰ ਬੀ ਆਈ ਦੀ ਸਾਲਾਨਾ ਰਿਪੋਰਟ ਅਨੁਸਾਰ ਨਕਲੀ ਨੋਟਾਂ ਦੀ ਗਿਣਤੀ ਸਾਲ-ਦਰ-ਸਾਲ ਵਧਦੀ ਜਾ ਰਹੀ ਹੈ।ਪਿਛਲੇ ਸਾਲ ਦੀ ਤੁਲਨਾ ਵਿੱਚ 2021-22 ਵਿੱਤੀ ਵਰ੍ਹੇ ਦੌਰਾਨ 10,20 ਤੇ 200 ਰੁਪਏ ਦੇ ਨਕਲੀ ਨੋਟਾਂ ਵਿੱਚ ਕ੍ਰਮਵਾਰ 16.4 ਫੀਸਦੀ, 16.5 ਫੀਸਦੀ ਤੇ 11.7 ਫ਼ੀਸਦੀ ਦਾ ਵਾਧਾ ਹੋਇਆ ਹੈ।ਇਸੇ ਤਰ੍ਹਾਂ 500 ਤੇ 2000 ਦੇ ਨਕਲੀ ਨੋਟਾਂ ਵਿੱਚ 101.9 ਫੀਸਦੀ ਤੇ 54.6 ਫੀਸਦੀ, 50 ਰੁਪਏ ਦੇ ਨਕਲੀ ਨੋਟਾਂ ਵਿੱਚ 28.7 ਫੀਸਦੀ ਤੇ 100 ਰੁਪਏ ਦੇ ਨਕਲੀ ਨੋਟਾਂ ਵਿੱਚ 28.7 ਫੀਸਦੀ ਦਾ ਵਾਧਾ ਹੋਇਆ ਹੈ। ਇਸ ਹਿਸਾਬ ਨਾਲ ਨੋਟਬੰਦੀ ਨਕਲੀ ਨੋਟਾਂ ਉੱਤੇ ਰੋਕ ਲਾਉਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ । ਇਸੇ ਤਰ੍ਹਾਂ ਹੀ ਨੋਟਬੰਦੀ ਨਾਲ ਅੱਤਵਾਦ ਦਾ ਲੱਕ ਟੁੱਟ ਜਾਵੇਗਾ, ਵੀ ਨਿਰਾ ਜੁਮਲਾ ਸਾਬਤ ਹੋਇਆ ਹੈ।

# ਕੈਨੇਡਾ ਦੀ ਸਰੀ ਆਰਸੀਐਮਪੀ ਨੇ ਜਾਰੀ ਕੀਤੀ ਜਨਤਕ ਚੇਤਾਵਨੀ



ਸਰੀ: ਕੈਨੇਡਾ ’ਚ ਸਰੀ ਆਰਸੀਐਮਪੀ ਨੇ ਲੋਕਾਂ ਨੂੰ ਕਰਨਵੀਰ ਗਰਚਾ ਅਤੇ ਹਰਕਿਰਤ ਝੂਟੀ ਬਾਰੇ ਆਗਾਹ ਕਰਦਿਆਂ ਇਨ੍ਹਾਂ ਕੋਲੋਂ ਦੂਰ ਰਹਿਣ ਦੀ ਅਪੀਲ ਕੀਤੀ ਐ। ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਨੇ ਖਾਸ ਤੌਰ ’ਤੇ ਮੈਟਰੋ ਵੈਨਕੁਵਰ ਦੇ ਵਾਸੀਆਂ ਨੂੰ ਕਿਹਾ ਕਿ ਉਹ ਇਨ੍ਹਾਂ ਦੋਵਾਂ ਵਿਅਕਤੀਆਂ ਅਤੇ ਇਨ੍ਹਾਂ ਦੇ ਗਿਰੋਹ ਨਾਲ ਸਬੰਧਤ ਵਿਅਕਤੀਆਂ ਤੋਂ ਦੂਰ ਰਹਿਣ, ਕਿਉਂਕਿ ਇਸ ਨਾਲ ਉਨ੍ਹਾਂ ਦੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ।

# ਮਨੀਲਾ ’ਚ ਕਬੱਡੀ ਕੋਚ ਦਾ ਗੋਲੀ ਮਾਰ ਕੇ ਕਤਲ



ਮੋਗਾ:-ਫਿਲਪੀਨ ਦੀ ਰਾਜਧਾਨੀ ਮਨੀਲਾ ਵਿੱਚੋਂ ਇਕ ਬੁਰੀ ਖਬਰ ਆਈ ਹੈ ਜਿੱਥੇ ਕਬੱਡੀ ਕੋਚ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮੋਗਾ ਜ਼ਿਲ੍ਹੇ ਦੇ ਪਿੰਡ ਪੱਖਰ ਵੱਢ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਕਬੱਡੀ ਕੋਚ ਦੇ ਮਨੀਲਾ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ।ਪਿੰਡ ਪੱਖਰਵੱਢ ਦਾ ਗੁਰਪ੍ਰੀਤ ਸਿੰਘ ਕਰੀਬ ਪੰਜ ਸਾਲ ਪਹਿਲਾ ਆਪਣੇ ਚੰਗੇ ਭਵਿੱਖ ਲਈ ਮਨੀਲਾ ਗਿਆ ਸੀ।

ਗੁਰਪ੍ਰੀਤ ਸਿੰਘ ਨੌਜਵਾਨਾਂ ਖਿਡਾਰੀਆਂ ਨੂੰ ਕਬੱਡੀ ਦੀ ਕੋਚਿੰਗ ਦਿੰਦਾ ਸੀ।

ਗੁਰਪ੍ਰੀਤ ਸਿੰਘ ਜਦੋਂ ਕੰਮ ਤੋਂ ਆਪਣੇ ਘਰ ਵਾਪਸ ਆ ਰਿਹਾ ਸੀ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਗੋਲੀ ਮਾਰ ਦਿੱਤੀ, ਜਿਸ ਵਿੱਚ ਉਸਦੀ ਮੌਤ ਹੋ ਗਈ।ਜਿਉਂ ਹੀ ਗੁਰਪ੍ਰੀਤ ਦੇ ਕਤਲ ਦੀ ਖਬਰ ਪਿੰਡ ਪਹੁੰਚੀ ਤਾਂ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



Charlesworth insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

ICBC autoplan

"For Fast, Friendly and Reliable Service!"



Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਰਵੀਸ਼ ਕੁਮਾਰ ਨੇ 'ਮੋਦੀ ਵਿਰੋਧੀ' ਹੋਣ ਦੇ ਇਲਜ਼ਾਮ ਤੋਂ ਲੈ ਕੇ ਸਿਆਸਤ ਵਿਚ ਆਉਣ ਤੱਕ, ਹਰ ਸਵਾਲ ਦਾ ਦਿੱਤਾ ਜਵਾਬ

ਦਿੱਲੀ (ਮੁਕੇਸ਼ ਸ਼ਰਮਾ):ਜਾਣੇ-ਪਛਾਣੇ ਪੱਤਰਕਾਰ ਅਤੇ ਐੱਨਡੀਟੀਵੀ ਦੇ ਸਾਬਕਾ ਐਂਕਰ ਰਵੀਸ਼ ਕੁਮਾਰ ਨੇ ਕਿਹਾ ਹੈ ਕਿ ਐੱਨਡੀਟੀਵੀ ਤੋਂ ਅਸਤੀਫ਼ੀ ਦੇਣਾ ਸਹੀਂ ਸਮੇਂ ਉੱਤੇ ਲਿਆ ਗਿਆ ਸਹੀ ਫ਼ੈਸਲਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਅਫ਼ਸੋਸ ਨਹੀਂ ਹੈ।



ਬੀਬੀਸੀ ਨੂੰ ਦਿੱਤੇ ਇੰਟਰਵਿਊ ਵਿੱਚ ਰਵੀਸ਼ ਕੁਮਾਰ ਨੇ ਅਡਾਨੀ-ਅੰਬਾਨੀ, ਰਾਏ ਜੋੜੇ (ਪ੍ਰਣੋਏ ਰਾਏ ਅਤੇ ਰਾਧਿਕਾ ਰਾਏ) ਅਤੇ ਮੋਦੀ ਸਰਕਾਰ ਤੋਂ ਲੈ ਕੇ ਸਿਆਸਤ ਵਿੱਚ ਆਉਣ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ।ਰਵੀਸ਼ ਕੁਮਾਰ ਨੇ ਕਿਹਾ ਕਿ ਐੱਨਡੀਟੀਵੀ ਦਾ ਖ਼ਰੀਦਿਆ ਜਾਣਾ ਇੱਕ ਆਮ ਵਪਾਰਕ ਫ਼ੈਸਲਾ ਨਹੀਂ ਹੈ।ਇਸ ਦੇ ਨਾਲ ਹੀ ਉਨ੍ਹਾਂ ਇਸ ਗੱਲ ਨੂੰ ਵੀ ਦੁਹਰਾਇਆ ਕਿ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਲਈ ਐੱਨਡੀਟੀਵੀ ਨੂੰ ਖਰੀਦਿਆ ਗਿਆ ਹੈ।

ਰਵੀਸ਼ ਕੁਮਾਰ ਕਹਿੰਦੇ ਹਨ, ''ਜੋ ਵੀ ਅਹਿਮ ਕਾਰਨ ਹੋਣਗੇ ਉਸ ਕੰਪਨੀ ਨੂੰ ਖ਼ਰੀਦਣ ਲਈ, ਪਰ ਅਜੇ ਤੱਕ ਅਜਿਹਾ ਕੋਈ ਤੱਥ ਤਾਂ ਨਹੀਂ ਆਇਆ ਹੈ ਕਿ ਡਾਕਟਰ ਰਾਏ ਬਾਜ਼ਾਰ ਵਿੱਚ ਖ਼ੁਦ ਗਏ ਸਨ ਇਹ ਕਹਿੰਦੇ ਹੋਏ ਕਿ ਮੈਂ ਆਪਣੀ ਕੰਪਨੀ ਨੂੰ ਵੇਚ ਰਿਹਾ ਹਾਂ। ਡਾਕਟਰ ਰਾਏ ਆਪਣੀ ਕਹਾਣੀ ਦੱਸਣਗੇ, ਮੈਂ ਆਪਣੀ ਕਹਾਣੀ ਦੱਸਾਂਗਾ।

''ਉਨ੍ਹਾਂ ਨੂੰ ਕਿਸ ਤਰ੍ਹਾਂ ਈਡੀ ਵਿੱਚ ਬਿਠਾਇਆ ਗਿਆ। ਕਿਸ ਤਰ੍ਹਾਂ ਕੇਸ ਬਣਾਇਆ ਗਿਆ, ਪਰ 10 ਸਾਲ ਵਿੱਚ ਕੁਝ ਵੀ ਨਹੀਂ ਨਿਕਲਿਆ। ਫ਼ਿਰ ਉਹ ਆਦਮੀ ਚੈਨਲ ਖ਼ਰੀਦਣ ਆਉਂਦਾ ਹੈ ਜਿਸ ਨੂੰ ਮੀਡੀਆ ਮੁਤਾਬਕ ਸਰਕਾਰ ਦਾ ਕਰੀਬੀ ਸਮਝਿਆ ਜਾਂਦਾ ਹੈ। ਉਹ ਤਸਵੀਰ ਵੀ ਹੈ, ਹਵਾਈ ਜਹਾਜ਼ ਦੀ ਜਿਸ ਵਿੱਚ ਅਡਾਨੀ ਅਤੇ ਪ੍ਰਧਾਨ ਮੰਤਰੀ ਬਣਨ ਵਾਲੇ ਮੋਦੀ ਬੈਠੇ ਹਨ ਅਤੇ ਇਸ ਤਰ੍ਹਾਂ ਦੀ ਧਾਰਨਾ ਬਣਾਉਣ ਲਈ ਉਹ ਤਸਵੀਰ ਕਾਫ਼ੀ ਹੈ।''

ਰਵੀਸ਼ ਕੁਮਾਰ ਨੇ 25 ਨਵੰਬਰ ਨੂੰ ਗੌਤਮ ਅਡਾਨੀ ਦੇ ਫ਼ਾਈਨੈਂਸ਼ਿਅਲ ਟਾਈਮਜ਼ ਨੂੰ ਦਿੱਤੇ ਇੰਟਰਵਿਊ ਦਾ ਜ਼ਿਕਰ ਕੀਤਾ।ਉਸ ਇੰਟਰਵਿਊ ਵਿੱਚ ਅਡਾਨੀ ਨੇ ਕਿਹਾ ਸੀ ਕਿ 'ਸਰਕਾਰ ਦੀ ਆਲੋਚਨਾ ਕਰ ਸਕਦੇ ਹਨ, ਪਰ ਸਰਕਾਰ ਜੇ ਚੰਗਾ ਕੰਮ ਰਹੀ ਹੈ ਤਾਂ ਤੁਹਾਨੂੰ ਉਸ ਦੀ ਤਾਰੀਫ਼ੀ ਕਰਨ ਹੀ ਵੀ ਹਿੰਮਤ ਵੀ ਹੋਣੀ ਚਾਹੀਦਾ ਹੈ।'ਰਵੀਸ਼ ਕਹਿੰਦੇ ਹਨ, ''ਮੈਂ ਇਹ ਸੋਚਿਆ ਕਿ ਇਹ ਮੇਰੇ ਲਈ ਇੱਕ ਐਡੀਟੋਰੀਅਲ ਨਿਰਦੇਸ਼ ਹੈ, ਜਿਨ੍ਹਾਂ ਨੂੰ ਨਹੀਂ ਲੱਗਿਆ ਉਹ ਅੱਜ ਉੱਥੇ ਕੰਮ ਕਰ ਰਹੇ ਹਨ। ਮੈਨੂੰ ਲੱਗਿਆ ਕਿ ਇਹ ਮੇਰੇ ਵੱਲ ਵੀ ਇਸ਼ਾਰਾ ਹੈ।''ਉਹ ਅੱਗੇ ਕਹਿੰਦੇ ਹਨ, ''ਵਿਚਾਲੇ ਲੱਗਦਾ ਸੀ ਕਿ ਇਹ ਦੇਸ ਕਦੇ ਐਨਾ ਕਮਜ਼ੋਰ ਨਹੀਂ ਹੋਵੇਗਾ। ਇਸ ਦੇ ਉਦਯੋਗਪਤੀ ਐਨੇ ਬੁਜ਼ਦਿਲ ਨਹੀਂ ਹੋਣਗੇ ਕਿ ਇੱਕ ਪੱਤਰਕਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕੇਗਾ। ਪਰ ਉਦਯੋਗਪਤੀ ਹੀ ਡਰਪੋਕ ਨਿਕਲ ਗਏ। ਮੇਰੇ ਦਰਵਾਜ਼ੇ ਬੰਦ ਹਨ, ਜੇ ਯੂਟਿਊਬ ਵਰਗਾ ਕੋਈ ਮੀਡੀਅਮ ਨਹੀਂ ਹੁੰਦਾ ਤਾਂ ਮੈ ਇਸ ਪ੍ਰੋਫੈਸ਼ਨ ਤੋਂ 10 ਰੁਪਏ ਵੀ ਨਹੀਂ ਕਮਾ ਸਕਦਾ ਸੀ।''

ਰਵੀਸ਼ ਕੁਮਾਰ ਮੁਤਾਬਕ, ਉਨ੍ਹਾਂ ਨੂੰ ਇਸ ਦੀ ਬਹੁਤ ਤਕਨੀਕੀ ਜਾਣਕਾਰੀ ਤਾਂ ਨਹੀਂ ਹੈ, ਪਰ ਐਨਾ ਜ਼ਰੂਰ ਹੈ ਕਿ ਪ੍ਰਣੋਏ ਰਾਏ ਨੇ ਕਰਜ਼ ਚੁਕਾਉਣ ਅਤੇ ਆਪਣੇ ਚੈਨਲ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ।ਉਨ੍ਹਾਂ ਮੁਤਾਬਕ, ਉਨ੍ਹਾਂ ਨੇ ਐੱਨਡੀਟੀਵੀ ਦੇ ਆਪਣੇ ਸ਼ੇਅਰ ਨੂੰ ਨਹੀਂ ਵੇਚਿਆ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਡਾਕਟਰ ਰਾਏ ਨੂੰ ਬੁਰਾ ਲੱਗੇ ਕਿ ਜਿਸ ਅਨੁਵਾਦਕ ਅਤੇ ਚਿੱਠੀ ਛਾਂਟਣ ਵਾਲੇ ਨੇ ਮੇਰੀ ਕੰਪਨੀ ਵਿੱਚ ਐਨੀ ਤਰੱਕੀ ਹਾਸਲ ਕੀਤੀ, ਉਸ ਨੂੰ ਇੱਕ ਮੌਕਾ ਮਿਲਿਆ ਤਾਂ ਉਹ ਪੈਸੇ ਗਿਣਨ ਲੱਗਿਆ।ਉਨ੍ਹਾਂ ਮੁਤਾਬਕ, ''ਮੈਂ ਉਨ੍ਹਾਂ ਦਾ ਦਰਦ ਸਮਝ ਸਕਦਾ ਹਾਂ ਕਿ ਅੱਜ ਉਹ ਕਿੰਨਾ ਇਕੱਲਾ ਮਹਿਸੂਸ ਕਰ ਰਹੇ ਹੋਣਗੇ।''ਰਵੀਸ਼ ਕਹਿੰਦੇ ਹਨ ਕਿ ਐੱਨਡੀਟੀਵੀ ਪ੍ਰਬੰਧਕ ਜਾਂ ਡਾਕਟਰ ਰਾਏ ਨੇ ਕਦੇ ਵੀ ਉਨ੍ਹਾਂ ਦੇ ਕੰਮ ਵਿੱਚ ਦਖ਼ਲ ਨਹੀਂ ਦਿੱਤਾ। ਉਨ੍ਹਾਂ ਮੁਤਾਬਕ, ਉਨ੍ਹਾਂ ਨੇ ਕਦੇ ਨਹੀਂ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਕਿਹੜੀ ਸਟੋਰੀ ਨਹੀਂ ਕਰਨੀ ਚਾਹੀਦੀ।ਰਵੀਸ਼ ਨੇ ਕਿਹਾ ਕਿ ਉਹ ਐਡੀਟੋਰੀਅਲ ਮੀਟਿੰਗ ਵਿੱਚ ਵੀ ਸ਼ਾਮਿਲ ਨਹੀਂ ਹੁੰਦੇ ਸੀ। ਹਾਲਾਂਕਿ ਉਨ੍ਹਾਂ ਨੇ ਇਹ ਵੀ ਸਾਫ਼ ਕੀਤਾ ਕਿ ਉਹ ਆਪਣੇ ਪ੍ਰਾਈਮ ਟਾਈਮ ਸ਼ੋਅ ਲਈ ਨਾ ਸਿਰਫ਼ ਐੱਨਡੀਟੀਵੀ ਦੇ ਸਾਥੀਆਂ ਨਾਲ ਸਗੋਂ ਕਈ ਵਾਰ ਬਾਹਰ ਦੇ ਲੋਕਾਂ ਤੋਂ ਵੀ ਪ੍ਰੋਗਰਾਮ ਬਾਰੇ ਵਿਚਾਰ-ਵਟਾਂਦਰਾ ਕਰਦੇ ਸਨ।

ਉਨ੍ਹਾਂ ਨੇ ਕਿਹਾ ਕਿ ਇੱਕ ਵਾਰ ਸਕਰੀਨ ਨੂੰ ਕਾਲਾ ਕਰਨ ਦਾ ਫ਼ੈਸਲਾ ਵੀ ਉਨ੍ਹਾਂ ਦਾ ਹੀ ਸੀ ਅਤੇ ਅਗਲੇ ਦਿਨ ਵੀ ਕਿਸੇ ਨੇ ਉਨ੍ਹਾਂ ਨੂੰ ਇਸ ਬਾਰੇ ਨਹੀਂ ਪੁੱਛਿਆ। ਉਨ੍ਹਾਂ ਮੁਤਾਬਕ, ਦੂਜੇ ਪ੍ਰੋਗਰਾਮ ਦੇ ਲੋਕ ਵੀ ਪੁੱਛਣ ਲੱਗੇ ਕਿ ਕੀ ਉਹ ਉਸ ਨੂੰ ਚਲਾ ਸਕਦੇ ਹਨ।ਰਵੀਸ਼ ਨੇ ਕਿਹਾ ਕਿ ਐੱਨਡੀਟੀਵੀ ਵਿੱਚ ਕੰਮ ਦੌਰਾਨ ਉਨ੍ਹਾਂ ਦੇ ਕੁਝ ਤਜਰਬੇ ਖ਼ਰਾਬ ਵੀ ਰਹੇ ਹਨ, ਜਿਨ੍ਹਾਂ ਨੂੰ ਸੋਚ ਕੇ ਉਹ ਪਰੇਸ਼ਾਨ ਵੀ ਹੋ ਜਾਂਦੇ ਹਨ ਕਿ ਉਹ ਕਦੇ ਉਸ ਬਾਰੇ ਕਹਿ ਕਿਉਂ ਨਹੀਂ ਸਕੇ।ਪਰ ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਕਦੇ ਕੋਈ ਅਜਿਹੀ ਗੱਲ ਜਨਤੱਕ ਤੌਰ ਉੱਤੇ ਨਹੀਂ ਕਹਿਣਗੇ ਕਿਉਂਕਿ ਆਉਣੇ ਵਾਲੇ ਸਮੇਂ ਵਿੱਚ 'ਕੋਈ ਪ੍ਰਣੋਏ ਰਾਇ ਕਿਸੇ ਪੱਤਰਕਾਰ ਵਿੱਚ ਰਵੀਸ਼ ਕੁਮਾਰ ਦੀ ਸੰਭਾਵਨਾ ਦੇਖ ਸਕੇ।'

ਉਹ ਕਹਿੰਦੇ ਹਨ, ''ਮੈਂ ਅਜਿਹੀ ਕੋਈ ਗੱਲ ਨਹੀਂ ਕਹਾਂਗਾ ਕਿ ਉਨ੍ਹਾਂ ਨੂੰ ਲੱਗੇ ਕਿ ਉਨ੍ਹਾਂ ਨੇ ਇੱਕ ਚਿੱਠੀ ਛਾਂਟਣ ਵਾਲੇ ਨੂੰ ਇਸ ਮੁਕਾਮ ਤੱਕ ਪਹੁੰਚਣ ਦਿੱਤਾ ਅਤੇ ਗ਼ਲਤੀ ਕੀਤੀ।''

ਰਵੀਸ਼ ਕੁਮਾਰ ਇਸ 'ਤੇ ਕਹਿੰਦੇ ਹਨ, ''ਗੱਲ ਸਿਰਫ਼ ਆਜ਼ਾਦੀ ਦੀ ਨਹੀਂ ਸੀ। ਜੋ ਆਦਮੀ ਆ ਰਿਹਾ ਹੈ ਉਸ ਦੀ ਪਛਾਣ ਕੀ ਹੈ, ਬਾਜ਼ਾਰ ਵਿੱਚ ਉਸ ਦੀ ਸਾਖ਼ ਕੀ ਹੈ। ਤੁਸੀਂ ਕੁਝ ਵੀ ਹੋ ਸਕਦੇ ਹੋ, ਪਰ ਪ੍ਰਣੋਏ ਰਾਏ (ਜਿਨ੍ਹਾਂ ਨੇ ਟੈਲੀਵੀਜ਼ਨ ਇੰਡਸਟਰੀ ਇਸ ਦੇਸ ਨੂੰ ਦਿੱਤੀ) ਤਾਂ ਨਹੀਂ ਹੋ ਸਕਦੇ। ਜੋ ਲੋਕ ਪ੍ਰਣੋਏ ਰਾਏ ਦੀ ਥਾਂ ਉਸ ਕੰਪਨੀ ਵਿੱਚ ਲੈ ਰਹੇ ਹਨ ਉਹ ਲੋਕ ਕੌਣ ਹਨ, ਕੀ ਮੈਂ ਉਨ੍ਹਾਂ ਤੋਂ ਪੱਤਰਕਾਰੀ ਦਾ ਲੈਕਚਰ ਸੁਣਨ ਜਾਵਾਂਗਾ।''ਉਨ੍ਹਾਂ ਮੁਤਾਬਕ, ਅਸਤੀਫ਼ੇ ਦਾ ਕੋਈ ਤੈਅ ਕਾਰਨ ਨਹੀਂ ਹੁੰਦਾ, ਵੱਖ-ਵੱਖ ਅਸਤੀਫ਼ਿਆਂ ਦੇ ਆਪਣੀ ਨੈਤਿਕ ਹਾਲਾਤ ਹੁੰਦੇ ਹਨ।


ਗੌਤਮ ਅਡਾਨੀ ਦੇ ਇੰਟਰਵਿਊ ਦਾ ਜ਼ਿਕਰ ਕਰਦੇ ਹੋਏ ਰਵੀਸ਼ ਕੁਮਾਰ ਕਹਿੰਦੇ ਹਨ, ''ਸਰਕਾਰ ਦੀ ਤਾਰੀਫ਼ ਕਰਨ ਲਈ ਹਿੰਮਤ ਹੋਣੀ ਚਾਹੀਦੀ ਹੈ। ਇਹ ਤਾਂ ਹਾਸੋ ਹੀਣੀ ਗੱਲ ਹੈ, 99 ਫੀਸਦ ਮੀਡੀਆ ਤਾਂ ਇਹੀ ਕਰ ਰਿਹਾ ਹੈ। ਅਜਿਹਾ ਲੱਗ ਰਿਹਾ ਹੈ ਬਹੁਤ ਸਾਰੇ ਲੋਕ ਸਰਕਾਰ ਦੀ ਆਲੋਚਨਾ ਕਰ ਰਹੇ ਹਨ, ਕੋਈ ਤਾਰੀਫ਼ ਨਹੀਂ ਕਰ ਰਿਹਾ ਹੈ ਤਾਂ ਸਰਕਾਰ ਦੀ ਤਾਰੀਫ਼ ਕਰਨ ਲਈ ਤੁਸੀਂ ਐੱਨਡੀਟੀਵੀ ਖ਼ਰੀਦ ਰਹੇ ਹੋ।''

ਰਵੀਸ਼ ਉੱਤੇ ਇਲਜ਼ਾਮ ਲੱਗਦਾ ਹੈ ਕਿ ਉਹ ਹਮੇਸ਼ਾ ਮੋਦੀ ਸਰਕਾਰ ਦੀ ਆਲੋਚਨਾ ਕਰਦੇ ਹਨ ਅਤੇ ਅਜਿਹਾ ਕਰਕੇ ਉਹ ਸੰਤੁਲਿਤ ਪੱਤਰਕਾਰੀ ਦੇ ਬੇਸਿਕ ਸਿਧਾਂਤ ਦਾ ਉਲੰਘਣ ਕਰਦੇ ਹਨ।

ਇਸ ਦਾ ਜਵਾਬ ਦਿੰਦੇ ਹੋਏ ਰਵੀਸ਼ ਕਹਿੰਦੇ ਹਨ, ''ਮੇਰੀਆਂ ਸਾਰੀਆਂ ਆਲੋਚਨਾਵਾਂ ਸੰਤੁਲਿਤ ਹਨ। ਕੇਂਦਰ ਸਰਕਾਰ ਤਾਂ ਇੱਕ ਹੀ ਹੈ, ਕੀ ਉਸ ਨੂੰ ਸੰਤੁਲਿਤ ਕਰਨ ਲਈ ਮੈਂ ਭਾਰਤ ਦੇ 28 ਸੂਬਿਆਂ ਵਿੱਚ ਜਾ ਕੇ ਰਿਪੋਰਟ ਕਰਦਾ, ਇਹ ਤਾਂ ਜ਼ਿਆਦਤੀ ਹੈ। ਇੱਕ ਪੱਤਰਕਾਰ ਤੋਂ ਤੁਸੀਂ ਉਮੀਦ ਕਰਦੇ ਹੋ ਕਿ ਹਰ ਖ਼ਬਰ ਉਹੀ ਕਰੇ ਤਾਂ ਜੋਂ ਉਹ ਖ਼ੁਦ ਨੂੰ ਸੰਤੁਲਿਤ ਸਾਬਤ ਕਰ ਸਕੇ।''

ਉਹ ਆਪਣੀ ਗੱਲ ਨੂੰ ਅੱਗੇ ਵਧਾਉਂਦੇ ☞


BADH
Accounting Services
26 Years Experience in Accounting
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC


Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE Immigration & Settlement Services
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

ਹੋਏ ਕਹਿੰਦੇ ਹਨ, ''ਜਿਸ ਤਰ੍ਹਾਂ ਮੀਡੀਆ, ਗੋਦੀ ਮੀਡੀਆ ਵਿੱਚ ਬਦਲਿਆ ਹੈ, ਟੀਵੀ ਉੱਤੇ ਰਹਿੰਦੇ ਹੋਏ ਜੇ ਮੈਂ ਨਹੀਂ ਕਹਿੰਦਾ ਤਾਂ ਕੌਣ ਕਹਿੰਦਾ? ਕੀ ਬੈਲੇਂਸ ਕਰਨ ਲਈ ਮੈਂ ਐਨੇ ਵੱਡੇ ਸਮੇਂ ਵਿੱਚ ਚੁੱਪ ਰਹਿ ਜਾਂਦਾ?''

ਉਨ੍ਹਾਂ ਨੇ ਅੱਗੇ ਕਿਹਾ, ''ਮੈਂ ਦੇਖ ਰਿਹਾ ਸੀ ਕਿ ਟੀਵੀ ਰਾਹੀਂ ਇਸ ਦੇਸ ਦੇ ਲੋਕਤੰਤਰ ਦਾ ਕਤਲ ਹੋ ਰਿਹਾ ਹੈ, ਤਾਂ ਹੀ ਮੈਂ ਕਿਹਾ ਕਿ ਤੁਸੀਂ ਇਸ ਟੀਵੀ ਨੂੰ ਕਿਵੇਂ ਦੇਖ ਸਕਦੇ ਹੋ।''

ਉਨ੍ਹਾਂ ਨੇ ਕਵਿਤਾ ਰਾਹੀਂ ਆਪਣੀ ਗੱਲ ਨੂੰ ਸਮਝਾਉਂਦੇ ਹੋਏ ਕਿਹਾ, ''ਬਹੁਤ ਸਾਰੀਆਂ ਚੰਗੀਆਂ ਕਵਿਤਾਵਾਂ ਵਿੱਚ ਚੁੱਪੀ ਹੁੰਦੀ ਹੈ, ਬਹੁਤ ਸਾਰੀਆਂ ਕਵਿਤਾਵਾਂ ਵਿੱਚ ਵਿਰੋਧ ਦੇ ਸੁਰ ਹੁੰਦੇ ਹਨ। ਮੇਰੇ ਵਿਰੋਧ ਦਾ ਸੁਰ ਸਵਾਲ ਦਾ ਸੁਰ ਸੀ, ਵਿਰੋਧ ਦਾ ਸੁਰ ਨਹੀਂ ਸੀ।''ਉਨ੍ਹਾਂ ਨੇ ਕਿਹਾ ਕਿ ਸਰਕਾਰ ਆਪਣਾ ਪੱਖ ਰੱਖਣ ਲਈ ਹਜ਼ਾਰਾਂ ਕਰੋੜ ਰੁਪਏ ਦੇ ਇਸ਼ਤਿਹਾਰ ਖ਼ਰਚ ਕਰਦੀ ਹੈ। ਇਸ ਲਈ ਇੱਕ ਪੱਤਰਕਾਰ ਹੋਣ ਦੇ ਨਾਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਜਨਤਾ ਦੇ ਪੱਖ ਦੀ ਪੱਤਰਕਾਰੀ ਕਰਨ ਅਤੇ ਉਹ ਸਿਰਫ਼ ਪੱਤਰਕਾਰੀ ਵਿੱਚ ਹੀ ਲੱਗੇ ਸਨ, ਪਰ ਉਨ੍ਹਾਂ ਨੂੰ ਮੋਦੀ ਵਿਰੋਧ ਕਰਾਰ ਦਿੱਤਾ ਗਿਆ।ਉਹ ਉਲਟਾ ਪੁੱਛਦੇ ਹਨ ਕਿ ਇਹ ਸਰਕਾਰ ਰਵੀਸ਼ ਕੁਮਾਰ ਦੇ ਮੂੰਹ ਤੋਂ ਤਾਰੀਫ਼ ਦੀ ਤਲਬਗਾਰ ਕਿਉਂ ਹੈ ਜਦਕਿ ਭਾਜਪਾ ਨੇ ਤਾਂ ਪਾਰਟੀ ਦੇ ਬੁਲਾਰਿਆਂ ਨੂੰ ਵੀ ਉਨ੍ਹਾਂ ਦੇ ਸ਼ੋਅ ਵਿੱਚ ਜਾਣ ਤੋਂ ਮਨ੍ਹਾ ਕਰ ਦਿੱਤਾ ਸੀ।ਰਵੀਸ਼ ਨੇ ਕਿਹਾ ਕਿ ਉਨ੍ਹਾਂ ਦੇ ਕਈ ਦੋਸਤ ਅਤੇ ਸ਼ੁਭਚਿੰਤਕ ਕਹਿੰਦੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਸਿਆਸਤ ਵਿੱਚ ਆਉਣਾ ਚਾਹੀਦਾ ਹੈ, ਪਰ ਕਿਸੇ ਸਿਆਸੀ ਪਾਰਟੀ ਨੇ ਉਨ੍ਹਾਂ ਨੂੰ ਕੋਈ ਸੱਦਾ ਨਹੀਂ ਦਿੱਤਾ ਹੈ।ਪਰ ਉਨ੍ਹਾਂ ਨੇ ਐਨਾ ਜ਼ਰੂਰੀ ਕਿਹਾ, ''ਕਲਪਨਾ ਕਰੋ ਕਿ ਜੇ ਮੈਂ ਲੋਕ ਸਭਾ ਵਿੱਚ ਹਾਂ, ਉਨ੍ਹਾਂ ਦੇ (ਮੋਦੀ) ਸਾਹਮਣੇ ਹਾਂ। ਲੋਕ ਸਭਾ ਨੂੰ ਤਾਂ ਕੋਈ ਖ਼ਰੀਦ ਨਹੀਂ ਸਕਦਾ ਹੈ।''

ਪਰ ਫ਼ਿਰ ਰਵੀਸ਼ ਨੇ ਕਿਹਾ, ''ਹਾਲਾਂਕਿ ਕੰਮ ਉਹੀ ਕਰਨਾ ਚਾਹੀਦਾ ਹੈ ਜਦੋ ਤੁਹਾਡੇ ਸੁਪਨੇ ਵਿੱਚ ਆਏ। ਮੈਨੂੰ ਅਜੇ ਵੀ ਸੁਪਨੇ ਵਿੱਚ ਟੀਵੀ ਆਉਂਦਾ ਹੈ। ਜਿਸ ਦਿਨ ਇਹ ਸੁਪਨਾ ਬਦਲ ਜਾਵੇਗਾ, ਉਸ ਦਿਨ ਮੈਂ ਬਦਲ ਜਾਵਾਂਗਾ।

ਐੱਨਡੀਟੀਵੀ ਦੀ ਉਨ੍ਹਾਂ ਦੀ ਪੁਰਾਣੀ ਸਹਿਯੋਗੀ ਬਰਖ਼ਾ ਦੱਤ ਨੇ ਇੱਕ ਟਵੀਟ ਕੀਤਾ ਸੀ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਜਦੋਂ ਮੁਕੇਸ਼ ਅੰਬਾਨੀ 30 ਫੀਸਦ ਮਾਲਕ ਸਨ ਤਾਂ ਐੱਨਡੀਟੀਵੀ ਆਜ਼ਾਦ ਸੀ?,ਪਰ ਉਹੀ 30 ਫੀਸਦ ਅਡਾਨੀ ਨੇ ਖ਼ਰੀਦ ਲਿਆ ਤਾਂ ਐੱਨਡੀਟੀਵੀ ਖ਼ਤਮ ਹੋ ਗਿਆ?

ਇਸ ਦੇ ਜਵਾਬ ਵਿੱਚ ਉਨ੍ਹਾਂ ਨੇ ਇੱਕ ਕਿੱਸਾ ਸੁਣਾਇਆ। ਰਵੀਸ਼ ਮੁਤਾਬਕ, ਬਰਖ਼ਾ ਦੱਤ ਨੂੰ ਇੱਕ ਵਾਰ ਐੱਨਡੀਟੀਵੀ ਦੇ ਦਫ਼ਤਰ ਵਿੱਚ ਚੱਕਰ ਆਇਆ ਸੀ ਤਾਂ ਉਨ੍ਹਾਂ ਨੇ ਡਾਕਟਰ ਪ੍ਰਣੋਏ ਰਾਏ ਨੂੰ ਬਰਖ਼ਾ ਦੱਤ ਦੇ ਤਲਵੇ ਰਗੜਦੇ ਦੇਖਿਆ ਸੀ।

ਮੁਕੇਸ਼ ਅੰਬਾਨੀ ਦੇ 30 ਫੀਸਦ ਮਾਲਕ ਹੋਣ ਅਤੇ ਅਡਾਨੀ ਦੇ ਨਵੇਂ ਮਾਲਕ ਹੋਣ ਦਾ ਫਰਕ ਸਮਝਾਉਂਦੇ ਹੋਏ ਰਵੀਸ਼ ਕੁਮਾਰ ਕਹਿੰਦੇ ਹਨ, ''ਮੁਕੇਸ਼ ਅੰਬਾਨੀ ਦਾ ਕੋਈ ਸੰਪਾਦਕ ਨਿਊਜ਼ ਰੂਮ ਵਿੱਚ ਨਹੀਂ ਆਇਆ ਸੀ। ਉਨ੍ਹਾਂ ਦਾ ਕੋਈ ਆਦਮੀ ਮੀਟਿੰਗ ਕਰਨ ਨਹੀਂ ਆਇਆ ਸੀ। ਉਨ੍ਹਾਂ ਨੇ ਕਦੇ ਬਿਆਨ ਨਹੀਂ ਦਿੱਤਾ ਸੀ ਕਿ ਸਰਕਾਰ ਦੀ ਤਾਰੀਫ਼ ਕਰਨ ਦੀ ਹਿੰਮਤ ਹੋਣਾ ਚਾਹੀਦੀ ਹੈ। ਉਨ੍ਹਾਂ ਕਦੇ ਕਿਹਾ ਸੀ ਕਿ ਉਹ ਅਲ-ਜਜ਼ੀਰਾ ਵਰਗਾ ਗਲੋਬਲ ਬਰਾਂਡ ਬਣਾਉਣਗੇ?''

ਇਸ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਦੁਨੀਆਂ ਭਰ ਦੇ ਲੋਕ ਉਨ੍ਹਾਂ ਦੀ ਮਦਦ ਕਰਨ ਲਈ ਅੱਗੇ ਆਏ ਹਨ ਅਤੇ ਲੋਕਾਂ ਦੇ ਸਮਰਥਨ ਦੇ ਕਾਰਨ ਹੀ ਉਨ੍ਹਾਂ ਦਾ ਯੂ-ਟਿਊਬ ਚੈਨਲ ਐਨੀ ਜਲਦੀ ਬਹੁਤ ਮਸ਼ਹੂਰ ਹੋ ਗਿਆ ਹੈ।

ਉਨ੍ਹਾਂ ਨੇ ਕਿਹਾ, ''ਜੋ ਲੋਕ ਲੋਕਤੰਤਰ ਨੂੰ ਮੁਰਦਾ ਬਣਾਉਣਾ ਚਾਹੁੰਦੇ ਹੋ, ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਾਲੇ ਉਹ ਜ਼ਿੰਦਾ ਹਨ।''ਉਨ੍ਹਾਂ ਨੇ ਕਿਹਾ ਕਿ ਫ਼ਿਲਹਾਲ ਉਹ ਯੂ-ਟਿਊਬ ਹੀ ਚਲਾਉਂਦੇ ਰਹਿਣਗੇ ਅਤੇ ਗਰਾਊਂਡ ਰਿਪੋਰਟ ਲਈ ਜ਼ਰੂਰੀ ਸਰੋਤ ਫ਼ਿਲਹਾਲ ਉਨ੍ਹਾਂ ਕੋਲ ਨਹੀਂ ਹਨ।ਉਨ੍ਹਾਂ ਨੇ ਕਿਹਾ ਕਿ ਉਹ ਹੌਲੀ-ਹੌਲੀ ਪੌੜੀਆਂ ਚੜ੍ਹਨਾ ਚਾਹੁੰਦੇ ਹਨ। ਉਨ੍ਹਾਂ ਨੇ ਇੱਕ ਭੋਜਪੁਰੀ ਯੂ-ਟਿਊਬ ਚੈਨਲ ਵੀ ਸ਼ੁਰੂ ਕੀਤਾ ਹੈ।ਉਨ੍ਹਾਂ ਨੇ ਇਸ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਮਾਂ ਬੋਲੀ ਭੋਜਪੁਰੀ ਹੈ, ਹਿੰਦੀ ਨਹੀਂ। ਰਵੀਸ਼ ਕੁਮਾਰ ਮੁਤਾਬਕ, ਉਨ੍ਹਾਂ ਨੇ ਮਰਾਠੀ ਸਮਾਜ ਤੋਂ ਆਪਣੀ ਭਾਸ਼ਾ ਅਤੇ ਸੱਭਿਆਚਾਰ ਦਾ ਸਤਿਕਾਰ ਕਰਨਾ ਸਿੱਖਿਆ ਹੈ।


BHARTI ART JEWELLERS

WORLD CLASS IMPORTS OF GOLD AND DIAMOND JEWELLERY

ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ

USA ਕਸਟਮਰਜ਼ ਲਈ ਸਪੈਸ਼ਲ ਰੇਟ

42nd Anniversary Celebration



New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711


# ਕਸ਼ਮੀਰੀਆਂ ਆਗੂਆਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਲਈ ਸਖ਼ਤ ਕਾਰਵਾਈ ਸ਼ੁਰੂ




ਇਸਲਾਮਾਬਾਦ:ਭਾਰਤੀ ਸਰਕਾਰ ਨੇ ਕਸ਼ਮੀਰੀਆਂ ਦੀ ਆਜ਼ਾਦੀ ਦੀ ਆਵਾਜ਼ ਨੂੰ ਦਬਾਉਣ ਲਈ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਲਈ ਕਾਰਵਾਈ ਤੇਜ਼ ਕਰ ਦਿੱਤੀ ਹੈ।ਕਸ਼ਮੀਰ ਮੀਡੀਆ ਸਰਵਿਸ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਜਮਾਤ-ਏ-ਇਸਲਾਮੀ ਅਤੇ ਹੋਰ ਆਜ਼ਾਦੀ ਪੱਖੀ ਕਸ਼ਮੀਰੀਆਂ ਦੀਆਂ ਕਰੋੜਾਂ ਦੀ ਜਾਇਦਾਦ ਜ਼ਬਤ ਕਰ ਲਈ ਹੈ।ਇਸ ਨੇ ਅਫਸੋਸ ਪ੍ਰਗਟਾਇਆ ਕਿ ਭਾਰਤੀ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਅਤੇ ਨਵੀਂ ਦਿੱਲੀ-ਨਿਯੰਤਰਿਤ ਰਾਜ ਜਾਂਚ ਏਜੰਸੀ (ਐਸਆਈਏ) ਵਰਗੀਆਂ ਖਤਰਨਾਕ ਜਾਂਚ ਏਜੰਸੀਆਂ ਦੀ ਵਰਤੋਂ ਜੰਮੂ ਅਤੇ ਕਸ਼ਮੀਰ ਵਿੱਚ ਲੋਕਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਲਈ ਕਰ ਰਿਹਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਆਜ਼ਾਦੀ ਪੱਖੀ ਲੋਕਾਂ ਅਤੇ ਜਮਾਤ-ਏ-ਇਸਲਾਮੀ ਦੀਆਂ ਲਗਭਗ 250 ਹੋਰ ਜਾਇਦਾਦਾਂ ਜ਼ਬਤ ਕਰਨ ਲਈ ਭਾਰਤੀ ਏਜੰਸੀਆਂ ਦੇ ਰਾਡਾਰ ਵਿਚ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਖੇਤਰ ਵਿੱਚ ਕਸ਼ਮੀਰੀਆਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨਾ ਮੋਦੀ ਸ਼ਾਸਨ ਦੇ ਹਿੱਸੇ 'ਤੇ ਪੂਰੀ ਤਰ੍ਹਾਂ ਸਿਆਸੀ ਬਦਲਾਖੋਰੀ ਹੈ ਕਿਉਂਕਿ ਇਸ ਦਾ ਮਕਸਦ ਕਸ਼ਮੀਰੀਆਂ ਨੂੰ ਆਜ਼ਾਦੀ ਸੰਘਰਸ਼ ਵਿੱਚ ਉਨ੍ਹਾਂ ਦੀ ਭੂਮਿਕਾ ਲਈ ਸਜ਼ਾ ਦੇਣਾ ਹੈ।ਇਸ ਵਿਚ ਅਫ਼ਸੋਸ ਪ੍ਰਗਟ ਕੀਤਾ ਗਿਆ ਕਿ ਭਾਰਤੀ ਫ਼ੌਜੀ ਹਿੰਸਕ ਫ਼ੌਜੀ ਕਾਰਵਾਈਆਂ ਦੌਰਾਨ ਕਸ਼ਮੀਰੀਆਂ ਦੇ ਘਰਾਂ ਨੂੰ ਲਗਾਤਾਰ ਤਬਾਹ ਕਰ ਰਹੇ ਹਨ। ਨਵੀਂ ਦਿੱਲੀ ਕਿਸੇ ਨਾ ਕਿਸੇ ਬਹਾਨੇ ਕਸ਼ਮੀਰੀਆਂ ਨੂੰ ਉਨ੍ਹਾਂ ਦੇ ਹੀ ਦੇਸ਼ ਵਿਚ ਬੇਘਰ ਕਰ ਰਹੀ ਹੈ ਅਤੇ ਉਨ੍ਹਾਂ ਦੀ ਪਛਾਣ ਤੋਂ ਵੀ ਵਾਂਝਾ ਕਰ ਰਿਹਾ ਹੈ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਕਸ਼ਮੀਰੀਆਂ ਦੀ ਅਜ਼ਾਦੀ ਦੀ ਆਵਾਜ਼ ਨੂੰ ਦਬਾਉਣ ਲਈ ਹਰ ਵਹਿਸ਼ੀ ਹੱਥਕੰਡੇ ਵਰਤ ਰਿਹਾ ਹੈ ਪਰ ਇਸ ਦੀਆਂ ਸਾਜ਼ਿਸ਼ਾਂ ਕਸ਼ਮੀਰੀਆਂ ਦੇ ਆਜ਼ਾਦੀ ਦੇ ਪਵਿੱਤਰ ਉਦੇਸ਼ ਨੂੰ ਅੱਗੇ ਵਧਾਉਣ ਤੋਂ ਨਹੀਂ ਰੋਕ ਸਕਦੀਆਂ।


AMAYA LIVING



60 LUXURIOUS CONDOS

• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਫੁੱਟਬਾਲ ਨੂੰ ਜਿਊਣ ਵਾਲਾ ਮਹਾਨ ਖਿਡਾਰੀ ਪੇਲੇ





**ਪ੍ਰਿੰ. ਸਰਵਣ ਸਿੰਘ**

ਜਦੋਂ ਵੀ ਫੁੱਟਬਾਲ ਦਾ ਵਿਸ਼ਵ ਕੱਪ ਹੁੰਦੈ ਮੈਨੂੰ ਬ੍ਰਾਜ਼ੀਲ ਦਾ ਪੇਲੇ ਯਾਦ ਆ ਜਾਂਦੈ। 1999 ਵਿੱਚ ਫੀਫਾ ਨੇ ਉਸ ਨੂੰ ਸ਼ਤਾਬਦੀ ਦਾ ਸਰਬੋਤਮ ਖਿਡਾਰੀ ਐਲਾਨਿਆ। ਉਸ ਨੇ ਪਹਿਲੇ ਦਰਜੇ ਦੀ ਫੁੱਟਬਾਲ ਦੇ 1363 ਮੈਚ ਖੇਡਣ ਨਾਲ 1283 ਗੋਲ ਕਰਨ ਦਾ ਰਿਕਾਰਡ ਰੱਖਿਆ। ਉਹ ਵੀਹ ਵਰ੍ਹੇ ਉੱਚ ਪੱਧਰੀ ਫੁੱਟਬਾਲ ਖੇਡਿਆ ਤੇ ਤਿੰਨ ਵਾਰ ਵਿਸ਼ਵ ਕੱਪ ਜਿੱਤਿਆ। 92 ਇੰਟਰਨੈਸ਼ਨਲ ਮੈਚਾਂ ਵਿੱਚ ਉਸ ਨੇ 77 ਇੰਟਰਨੈਸ਼ਨਲ ਗੋਲ ਕੀਤੇ। ਉਸ ਨੇ ਖੇਡ ਦੇ ਸਿਰੋਂ ਕਰੋੜਾਂ ਡਾਲਰ ਕਮਾਏ ਤੇ ਕਰੋੜਾਂ ਦਰਸ਼ਕਾਂ ਦਾ ਦਿਲ ਪਰਚਾਇਆ। ਮੈਕਸੀਕੋ ਦੇ ਇੱਕ ਕਲੱਬ ਨੇ ਉਹਦੇ ਮੂਹਰੇ ਕੋਰਾ ਚੈੱਕ ਰੱਖ ਦਿੱਤਾ ਸੀ ਕਿ ਉਹ ਜਿੰਨੀ ਰਕਮ ਚਾਹੇ ਭਰ ਲਵੇ, ਪਰ ਕਲੱਬ ਵੱਲੋਂ ਖੇਡਣਾ ਮੰਨ ਲਵੇ। ਉਹਦੀਆਂ ਖੁੱਥੜ ਬਾਲਾਂ, ਘਸੀਆਂ ਜ਼ੁਰਾਬਾਂ, ਟੁੱਟੇ ਬੂਟ ਤੇ ਖੇਡ ਪੁਸ਼ਾਕ ਦੀਆਂ ਲੀਰਾਂ ਲੋਕਾਂ ਨੇ ਅਨਮੋਲ ਨਿਸ਼ਾਨੀਆਂ ਵਜੋਂ ਸਾਂਭ ਰੱਖੀਆਂ ਹਨ। ਬ੍ਰਾਜ਼ੀਲ ਦਾ ਉਹ ‘ਕਾਲਾ ਮੋਤੀ’ ਹੈ ਜਿਸ ਨੂੰ ਅਨੇਕਾਂ ਐਵਾਰਡਾਂ ਤੇ ਖ਼ਿਤਾਬਾਂ ਨਾਲ ਸਨਮਾਨਿਆ ਗਿਆ। ਪੇਲੇ ਦੁਨੀਆ ਦੇ ਸੌ ਕੁ ਮੁਲਕਾਂ ਵਿੱਚ ਗਿਆ। ਦੋ ਪੋਪਾਂ, ਪੰਜ ਸ਼ਹਿਨਸ਼ਾਹਾਂ, ਦਸ ਬਾਦਸ਼ਾਹਾਂ, ਸੱਤਰ ਮੁਲਕਾਂ ਦੇ ਪ੍ਰਧਾਨਾਂ ਤੇ ਚਾਲੀਆਂ ਦੇ ਪ੍ਰਧਾਨ ਮੰਤਰੀਆਂ ਨੂੰ ਮਿਲਿਆ। ਸ਼ਾਹ ਇਰਾਨ ਉਸ ਨੂੰ ਹਵਾਈ ਅੱਡੇ ’ਤੇ ਤਿੰਨ ਘੰਟੇ ਉਡੀਕਦਾ ਰਿਹਾ। ਲਾਲ ਚੀਨ ਦੇ ਸਰਹੱਦੀ ਰਾਖੇ ਚੌਕੀਆਂ ਸੁੰਨੀਆਂ ਛੱਡ ਕੇ ਹਾਂਗਕਾਂਗ ਉਹਦੇ ਦਰਸ਼ਨ ਕਰਨ ਗਏ। ਨਾਈਜੀਰੀਆ ਵਿੱਚ ਉਹਦੀ ਖੇਡ ਵੇਖਣ ਲਈ ਦੋ ਦਿਨ ਲੜਾਈ ਬੰਦ ਰਹੀ। ਉਹ ਅਨੇਕਾਂ ਦੇਸ਼ਾਂ ਦਾ ਸਨਮਾਨਿਤ ਸਿਟੀਜ਼ਨ ਹੈ। ਬ੍ਰਾਜ਼ੀਲ ਵਿੱਚ ਉਹ ਫਿਲਮੀ ਤੇ ਟੀਵੀ ਕਲਾਕਾਰ ਅਤੇ ਕਵੀ ਤੇ ਸੰਗੀਤਕਾਰ ਵਜੋਂ ਵੀ ਜਾਣਿਆ ਜਾਂਦੈ। ਉਹਦੇ ਆਟੋਗ੍ਰਾਫ਼ ਲੈਣ ਲਈ ਭੀੜਾਂ ਜੁੜਦੀਆਂ ਰਹੀਆਂ। ਵੱਖ ਵੱਖ ਭਾਸ਼ਾਵਾਂ ਦੇ ਨੱਬੇ ਗੀਤਾਂ ਵਿੱਚ ‘ਪੇਲੇ’ ਦਾ ਨਾਂ ਗਾਇਆ ਗਿਐ। ਆਪਣੇ ਦੌਰ ਦਾ ਭਾਵੇਂ ਉਹ ਸਭ ਤੋਂ ਵੱਧ ਪੈਸੇ ਕਮਾਉਣ ਵਾਲਾ ਖਿਡਾਰੀ ਸੀ, ਫਿਰ ਵੀ ’ਕੇਰਾਂ ਉਹਦਾ ਦਿਵਾਲਾ ਨਿਕਲ ਚੱਲਿਆ ਸੀ। ਉਹਦੇ ਕਾਰਮੁਖਤਿਆਰ ਨੇ ਉਹਦੇ ਸਿਰ ਏਨਾ ਕਰਜ਼ਾ ਚੜ੍ਹਾ ਦਿੱਤਾ ਕਿ ਉਹ ਕਈ ਵਰ੍ਹੇ ਕਰਜ਼ਾ ਲਾਹੁੰਦਾ ਰਿਹਾ। ਉਸ ਨੇ ਦੇਸ਼ ਵਿਦੇਸ਼ ਜਾਂਦਿਆਂ ਕਈ ਬੋਲੀਆਂ ਸਿੱਖੀਆਂ। ਉਸ ਦੀ ਮਾਤ ਭਾਸ਼ਾ ਪੁਰਤਗੇਜ਼ੀ ਹੈ। ਉਹ ਸਪੈਨਿਸ਼ ਤੇ ਅੰਗਰੇਜ਼ੀ ਵੀ ਚੰਗੀ ਬੋਲ ਲੈਂਦਾ ਹੈ। ਉਹਨੂੰ ਫਰਾਂਸੀਸੀ ਤੇ ਇਤਾਲਵੀ ਭਾਸ਼ਾਵਾਂ ਵੀ ਡੰਗ ਸਾਰਨ ਜੋਗੀਆਂ ਆਉਂਦੀਆਂ ਹਨ। ਉਹਦਾ ਜਨਮ ਗਰੀਬ ਫੁੱਟਬਾਲ ਖਿਡਾਰੀ ਦੇ ਘਰ 23 ਅਕਤੂਬਰ 1940 ਨੂੰ ਹੋਇਆ। ਕਹਿੰਦੇ ਹਨ, ਬ੍ਰਾਜ਼ੀਲੀ ਬੱਚਾ ਖੜ੍ਹਨਾ ਪਿੱਛੋਂ ਸਿੱਖਦਾ ਹੈ ਕਿੱਕ ਲਾਉਣੀ ਪਹਿਲਾਂ। ਪੇਲੇ ਦੇ ਪਿਤਾ ਨੇ ਉਹਦੀਆਂ ਲੱਤਾਂ ਟੋਹ ਕੇ ਪਤਨੀ ਨੂੰ ਕਿਹਾ, “ਲੱਤਾਂ ਤਾਂ ਤਕੜੀਆਂ... ਫੁੱਟਬਾਲ ਦਾ ਤਕੜਾ ਖਿਡਾਰੀ ਬਣ ਸਕਦੈ।” ਪਤਨੀ ਨੇ ਨਹੋਰਾ ਮਾਰਿਆ, “ਇਹਨੂੰ ਫੁੱਟਬਾਲ ਖਿਡਾਰੀ ਬਣਨ ਦਾ ਸਰਾਪ ਨਾ ਦੇਹ। ਫੁੱਟਬਾਲ ਖੇਡ ਕੇ ਤੂੰ ਕੀ ਲੱਲ੍ਹਰ ਲਾਇਐ? ਮੇਰਾ ਪੁੱਤ ਤਾਂ ਡਾਕਟਰ ਬਣੂੰਗਾ।” ਪੇਲੇ ਦੇ ਪਿਤਾ ਨੇ ਫੁੱਟਬਾਲ ਖੇਡ ਕੇ ਸੱਚਮੁੱਚ ਹੀ ਕੁਝ ਨਹੀਂ ਸੀ ਕਮਾਇਆ। ਪੇਲੇ ਦਾ ਅਸਲੀ ਨਾਂ ਐਡਸਨ ਅਰੇਂਟਸ ਡੋ ਨਾਸੀਮੈਂਟੋ ਹੈ। ਪੇਲੇ ਉਸ ਨੂੰ ਨੌਂ ਸਾਲ ਦੀ ਉਮਰ ਵਿੱਚ ਕਿਹਾ ਜਾਣ ਲੱਗਾ ਜਦੋਂ ਉਹ ਪੈਰਾਂ ਨਾਲ ਹਰੇਕ ਚੀਜ਼ ਰੋੜ੍ਹਦਾ ਫਿਰਦਾ ਸੀ। ਪੁਰਤਗੇਜ਼ੀ ਵਿੱਚ ਪੇਲੇ ਦਾ ਅਰਥ ਹੈ ਪੈਰ। ਨਿੱਕਾ ਹੁੰਦਾ ਉਹ ਖਿੱਦੋਆਂ ਤੇ ਡੱਬਿਆਂ ਨੂੰ ਕਿੱਕਾਂ ਮਾਰਦਾ ਰਹਿੰਦਾ। ਬਲਬ ਤੋੜ ਬਹਿੰਦਾ। ਉਦੋਂ ਕੌਣ ਜਾਣਦਾ ਸੀ ਕਿ ਉਹ ਇੱਲਤੀ ਮੁੰਡਾ ਵੱਡਾ ਹੋ ਕੇ ਫੁੱਟਬਾਲ ਦੀ ਖੇਡ ਦਾ ਸ਼ਹਿਨਸ਼ਾਹ ਬਣੇਗਾ! ਜਦੋਂ ਉਹ ਸੋਲ੍ਹਵੇਂ ਸਾਲ ਵਿੱਚ ਹੋਇਆ ਤਾਂ ਸੈਂਟੋਸ ਸ਼ਹਿਰ ਦੇ ਸੈਂਟੋਸ ਕਲੱਬ ਨੇ ਉਹਨੂੰ ਆਪਣੀ ਟੀਮ ਦਾ ਮੈਂਬਰ ਬਣਾ ਲਿਆ। ਮਾਂ ਉਹਨੂੰ ਫੁੱਟਬਾਲ ਖੇਡਣ ਤੋਂ ਵਰਜਦੀ ਸੀ। ਉਸ ਨੇ ਮਾਂ ਨਾਲ ਇਕਰਾਰ ਕੀਤਾ ਕਿ ਕਲੱਬ ਤੋਂ ਮਿਲਣ ਵਾਲੇ ਪੈਸਿਆਂ ਨਾਲ ਪਹਿਲਾਂ ਉਹ ਮਾਂ-ਪਿਓ ਨੂੰ ਘਰ ਖਰੀਦ ਕੇ ਦੇਵੇਗਾ ਤੇ ਫਿਰ ਕਿਸ਼ਤਾਂ ਵੀ ਲਾਹੁੰਦਾ ਰਹੇਗਾ। ਸੈਂਟੋਸ ਕਲੱਬ ਵਿੱਚ ਵੀਹ ਮਹੀਨੇ ਖੇਡਣ ਪਿੱਛੋਂ ਉਹ ਫੁੱਟਬਾਲ ਦੇ ਵਿਸ਼ਵ ਕੱਪ ਲਈ ਬ੍ਰਾਜ਼ੀਲ ਦੀ ਟੀਮ ਵਿੱਚ ਚੁਣਿਆ ਗਿਆ। ਅਠਾਰਵੇਂ ਸਾਲ ਦੀ ਉਮਰ ਵਿੱਚ ਉਹ 1958 ਦਾ ਵਿਸ਼ਵ ਕੱਪ ਖੇਡਣ ਗਿਆ। ਸਵੀਡਨ ਦੇ ਦਰਸ਼ਕ ਉਸ ਨੂੰ ਟੀਮ ਦੇ ਲੀੜੇ ਲੱਤੇ ਸੰਭਾਲਣ ਵਾਲਾ ਸਮਝ ਰਹੇ ਸਨ। ਪਰ ਜਦੋਂ ਖੇਡਿਆ ਤਾਂ ਧੰਨ-ਧੰਨ ਕਰਾ ਦਿੱਤੀ ਤੇ ਵਿਸ਼ਵ ਕੱਪ ਜਿੱਤ ਲਿਆ। ਸਵੀਡਨ ਦੀਆਂ ਨੀਲੀਆਂ ਅੱਖਾਂ ਵਾਲੀਆਂ ਗੋਰੀਆਂ ਮੁਟਿਆਰਾਂ ਉਹਦੇ ਆਟੋਗ੍ਰਾਫ਼ ਲੈਣ ਆਈਆਂ। ਪੇਲੇ ਦੇ ਕਾਲੇ ਰੰਗ ’ਤੇ ਉਨ੍ਹਾਂ ਨੇ ਆਪਣੀਆਂ ਨਹੁੰਪਾਲਸ਼ੀ ਗੁਲਾਬੀ ਉਂਗਲਾਂ ਘਸਾ ਕੇ ਵੇਖੀਆਂ ਕਿ ਕਿਤੇ ਕਾਲਾ ਪਾਲਿਸ਼ ਤਾਂ ਨਹੀਂ ਕੀਤਾ? ਪੇਲੇ ਦੇ ਸਾਥੀਆਂ ਨੇ ਸੁਆਦ ਲੈਂਦਿਆਂ ਕਿਹਾ, “ਇਹ ਰੰਗ ਅਸਲੀ ਆ। ਤੁਸੀਂ ਬੇਸ਼ੱਕ ਇਹਨੂੰ ਜੱਫੀ ਵਿੱਚ ਲੈ ਲਵੋ, ਕਿਸੇ ਨੂੰ ਰੰਗ ਨਹੀਂ ਲੱਗੇਗਾ। ਵਿਸ਼ਵ ਕੱਪ ਜਿੱਤ ਕੇ ਸੈਂਟੋਸ ਵਿੱਚ ਇੱਕ ਦਿਨ ਉਹ ਕੁੜੀਆਂ ਦਾ ਬਾਸਕਟਬਾਲ ਮੈਚ ਵੇਖਣ ਚਲਾ ਗਿਆ। ਰਿਜ਼ਰਵ ਖਿਡਾਰਨ ਵਜੋਂ ਬੈਂਚ ’ਤੇ ਬੈਠੀ ਇੱਕ ਕੁੜੀ ਨੇ ਉਹਦਾ ਧਿਆਨ ਖਿੱਚ ਲਿਆ। ਪੇਲੇ ਨੇ ਸਮਝਿਆ ਉਹ ਸੋਹਣੀ ਸੁਨੱਖੀ ਕੁੜੀ ਉਹਦੇ ਪਿੱਛੇ ਬੈਠੇ ਕਿਸੇ ਸੋਹਣੇ ਮੁੰਡੇ ਵੱਲ ਵੇਖ ਰਹੀ ਹੋਵੇਗੀ। ਪਰ ਉਹਦੇ ਪਿੱਛੇ ਤਾਂ ਕੋਈ ਵੀ ਨਹੀਂ ਸੀ ਬੈਠਾ। ਮੈਚ ਪਿੱਛੋਂ ਉਹ ਕੁੜੀ ਪੇਲੇ ਕੋਲ ਆਈ। ਦੋਹਾਂ ਦੀਆਂ ਅੱਖਾਂ ਮੋਹ ਪਿਆਰ ਦੇ ਸੁਨੇਹੇ ਦੇਣ ਲੱਗੀਆਂ। ਕੁੜੀ ਦਾ ਨਾਂ ਰੋਜ਼ਮੇਰੀ ਸੀ, ਰੰਗ ਗੋਰਾ ਨਿਛੋਹ। ਜਦੋਂ ਪਿਆਰ ਹੁੰਦਾ ਹੈ ਤਾਂ ਰੰਗ ਜਾਂ ਨਸਲ ਨਹੀਂ ਵੇਖਦਾ। 1962 ਦੇ ਵਿਸ਼ਵ ਕੱਪ ਲਈ ਪੇਲੇ ਫਿਰ ਬ੍ਰਾਜ਼ੀਲ ਦੀ ਟੀਮ ਵਿੱਚ ਚੁਣਿਆ ਗਿਆ। ਬ੍ਰਾਜ਼ੀਲ ਫਿਰ ਵਿਸ਼ਵ ਕੱਪ ਜਿੱਤ ਗਿਆ ਜਿਸ ਵਿੱਚ ਪੇਲੇ ਦੇ ਗੋਲਾਂ ਦਾ ਵਿਸ਼ੇਸ਼ ਯੋਗਦਾਨ ਸੀ। 1965 ਵਿੱਚ ਪੇਲੇ ਨੇ ਰੋਜ਼ਮੇਰੀ ਨਾਲ ਵਿਆਹ ਕਰਾ ਲਿਆ। 1966 ਦਾ ਵਿਸ਼ਵ ਕੱਪ ਖੇਡਣ ਲਈ ਉਹ ਤੀਜੀ ਵਾਰ ਬ੍ਰਾਜ਼ੀਲ ਦੀ ਟੀਮ ਦਾ ਮੈਂਬਰ ਬਣਿਆ। ਇੱਕ ਮੈਚ ਉਸ ਨੂੰ ਖਿਡਾਇਆ ਨਾ ਜਾ ਸਕਿਆ ਤੇ ਉਹੀ ਮੈਚ ਬ੍ਰਾਜ਼ੀਲ ਦੀ ਟੀਮ ਹਾਰ ਗਈ। ਪੇਲੇ ਨੂੰ ਇਸ ਹਾਰ ਦਾ ਬੜਾ ਦੁੱਖ ਹੋਇਆ, ਪਰ ਇਸ ਹਾਰ ਦਾ ਬਦਲਾ ਪੇਲੇ ਨੇ 1970 ਦਾ ਵਿਸ਼ਵ ਕੱਪ ਤੀਜੀ ਵਾਰ ਜਿੱਤ ਕੇ ਲਿਆ। ਫਾਈਨਲ ਮੈਚ ਬ੍ਰਾਜ਼ੀਲ ਤੇ ਇਟਲੀ ਵਿਚਕਾਰ ਸੀ। ਦੋਵੇਂ ਦੇਸ਼ ਦੋ ਦੋ ਵਾਰ ਵਿਸ਼ਵ ਕੱਪ ਜਿੱਤ ਚੁੱਕੇ ਸਨ। ਜਿਹੜਾ ਤੀਜੀ ਵਾਰ ਕੱਪ ਜਿੱਤਦਾ ਜੂਲਸ ਰੀਮੇ ਟਰਾਫੀ ਉਹਦੀ ਹੀ ਹੋ ਜਾਣੀ ਸੀ। ਮੈਕਸੀਕੋ ਵਿੱਚ ਹੋ ਰਿਹਾ ਉਹ ਫਾਈਨਲ ਮੈਚ ਇੱਕ ਲੱਖ ਦਸ ਹਜ਼ਾਰ ਦਰਸ਼ਕ ਸਟੇਡੀਅਮ ਵਿੱਚ ਤੇ ਕਰੋੜਾਂ ਲੋਕ ਟੀਵੀ ਤੋਂ ਵੇਖ ਰਹੇ ਸਨ। ਉਸ ਮੈਚ ਵਿੱਚ ਬ੍ਰਾਜ਼ੀਲ ਨੇ ਇਟਲੀ ਨੂੰ ਬੁਰੀ ਤਰ੍ਹਾਂ ਹਰਾ ਕੇ ਫੀਫਾ ਟਰਾਫੀ ਹਮੇਸ਼ਾਂ ਲਈ ਆਪਣੇ ਕਬਜ਼ੇ ਵਿੱਚ ਕਰ ਲਈ। ਮੈਚ ਮੁੱਕਣ ਸਾਰ ਦਰਸ਼ਕ ਪੇਲੇ ਵੱਲ ਉਮ੍ਹਲੇ। ਮੌਕੇ ਦੀ ਨਜ਼ਾਕਤ ਵਜੋਂ ਪੇਲੇ ਨੇ ਆਪਣੀ ਖੇਡ ਪੁਸ਼ਾਕ ਲਾਹ ਕੇ ਉਨ੍ਹਾਂ ਵੱਲ ਸੁੱਟ ਦਿੱਤੀ ਜੋ ਲੀਰ ਲੀਰ ਉਨ੍ਹਾਂ ਦੇ ਹਿੱਸੇ ਆਈ। ਚੌਦਾਂ ਸਾਲ ਬ੍ਰਾਜ਼ੀਲ ਦੀ ਵਰਦੀ ਪਾਉਣ ਪਿੱਛੋਂ ਆਖ਼ਰ ਉਸ ਨੇ ਬ੍ਰਾਜ਼ੀਲ ਲਈ ਅਖ਼ੀਰਲਾ ਮੈਚ ਖੇਡਣ ਦਾ ਐਲਾਨ ਕਰ ਦਿੱਤਾ ਜੋ 18 ਜੁਲਾਈ 1971 ਨੂੰ ਯੂਗੋਸਲਾਵੀਆ ਵਿਰੁੱਧ ਖੇਡਿਆ ਗਿਆ। ਇੱਕ ਲੱਖ ਅੱਸੀ ਹਜ਼ਾਰ ਦਰਸ਼ਕ ‘ਫੀਕਾ ਫੀਕਾ’ ਦਾ ਰਾਗ ਅਲਾਪ ਰਹੇ ਸਨ ਜਿਸ ਦਾ ਅਰਥ ਸੀ, ‘ਪੇਲੇ ਠਹਿਰ’। ਉਹ ਮੈਚ ਦੋ ਦੋ ਗੋਲਾਂ ਦੀ ਬਰਾਬਰੀ ’ਤੇ ਮੁੱਕਾ। ਪੇਲੇ ਨੇ ਭਰੀਆਂ ਅੱਖਾਂ ਨਾਲ ਬਾਹਾਂ ਉੱਪਰ ਚੁੱਕ ਕੇ ਸਟੇਡੀਅਮ ਦਾ ਚੱਕਰ ਲਾਇਆ। ਉਹ ਬਾਹਾਂ ਲਹਿਰਾ ਕੇ ਤਾੜੀਆਂ ਮਾਰ ਰਹੇ ਦਰਸ਼ਕਾਂ ਦਾ ਧੰਨਵਾਦ ਕਰ ਰਿਹਾ ਸੀ ਜਿਨ੍ਹਾਂ ਨੇ ਵਰ੍ਹਿਆਂ-ਬੱਧੀ ਉਸ ਨੂੰ ਭਰਵੀਂ ਹੱਲਾਸ਼ੇਰੀ ਦਿੱਤੀ ਸੀ। ਤਾੜੀਆਂ ਦੇ ਸ਼ੋਰ ਵਿੱਚ ਪੇਲੇ ਦੇ ਹੰਝੂ ਵਹਿ ਤੁਰੇ। ਉਸ ਨੇ ਬ੍ਰਾਜ਼ੀਲ ਦੀ ਹਰੇ-ਪੀਲੇ ਰੰਗ ਦੀ ਜਰਸੀ ਲਾਹੀ ਜੋ ਉਹਨੇ ਮੁੜ ਕੇ ਨਹੀਂ ਸੀ ਪਾਉਣੀ। ਉਸ ਜਰਸੀ ਨਾਲ ਉਹਨੇ ਆਪਣੇ ਵਗਦੇ ਹੰਝੂ ਪੂੰਝੇ ਜੋ ਖੁਸ਼ਕ ਹੋਣ ਦੀ ਥਾਂ ਹੋਰ ਧਾਰੋ ਧਾਰ ਹੋ ਗਏ। ਜਿਸ ਮੈਦਾਨ ਨੂੰ ਉਸ ਨੇ ਮੁੜ੍ਹਕੇ ਨਾਲ ਸਿੰਜਿਆ ਸੀ, ਉਸ ਨੂੰ ਆਪਣੇ ਹੰਝੂਆਂ ਨਾਲ ਸਿੰਜਦਾ ਸਟੇਡੀਅਮ ਤੋਂ ਬਾਹਰ ਚਲਾ ਗਿਆ। ਉੱਤੋਂ 1974 ਦਾ ਵਿਸ਼ਵ ਕੱਪ ਆ ਗਿਆ। ਪੇਲੇ ਵਿੱਚ ਦਮ ਤਾਂ ਸੀ ਕਿ ਉਹ ਪੰਜਵੀਂ ਵਾਰ ਆਪਣੇ ਦੇਸ਼ ਵੱਲੋਂ ਖੇਡ ਸਕਦਾ, ਪਰ ਇਹਦੇ ਲਈ ਉਹਨੂੰ ਪਰਿਵਾਰ ਤੇ ਕਾਰੋਬਾਰ ਤੋਂ ਛੇ ਮਹੀਨੇ ਲਾਂਭੇ ਰਹਿਣਾ ਪੈਣਾ ਸੀ ਜੋ ਵਾਰਾ ਨਹੀਂ ਸੀ ਖਾਂਦਾ। ਖਿਡਾਰੀ ਦੀ ਥਾਂ ਉਹ ਟੀਵੀ ਦਾ ਕੁਮੈਂਟੇਟਰ ਬਣ ਕੇ ਵਿਸ਼ਵ ਕੱਪ ਟੂਰਨਾਮੈਂਟ ਵਿੱਚ ਪੁੱਜਾ। ਉੱਥੇ ਬ੍ਰਾਜ਼ੀਲ ਦੀ ਟੀਮ ਹਾਰ ਗਈ। ਪੇਲੇ ਦੀ ਨੁਕਤਾਚੀਨੀ ਵੀ ਹੋਈ ਕਿ ਉਹ ਖ਼ੁਦ ਕਿਉਂ ਨਾ ਖੇਡਿਆ? ਸੈਂਟੋਸ ਕਲੱਬ ਵੱਲੋਂ ਖੇਡਦਿਆਂ ਉਸ ਨੂੰ ਅਠਾਰਾਂ ਸਾਲ ਹੋ ਗਏ ਸਨ। ਉਸ ਦੀ ਇੱਛਾ ਅਨੁਸਾਰ 2 ਅਕਤੂਬਰ 1974 ਨੂੰ ਪੇਲੇ ਦਾ ਆਖ਼ਰੀ ਮੈਚ ਰੱਖਿਆ ਗਿਆ। ਮਰਾਕਾਨਾ ਦਾ ਵਿਸ਼ਾਲ ਸਟੇਡੀਅਮ ਉਸ ਦਿਨ ਮੂੰਹੋਂ-ਮੂੰਹ ਭਰ ਗਿਆ। ਵੀਹ ਮਿੰਟਾਂ ਦੀ ਖੇਡ ਪਿੱਛੋਂ ਇੱਕ ਪਾਸ ਉਹਦੇ ਵੱਲ ਆਇਆ ਤਾਂ ਪੇਲੇ ਨੇ ਬਾਲ, ਬੱਚੇ ਵਾਂਗ ਗੋਦ ਲੈ ਲਈ। ਦਰਸ਼ਕ ਹੈਰਾਨੀ ਨਾਲ ਉਹਦੇ ਵੱਲ ਵੇਖ ਰਹੇ ਸਨ। ਉਹ ਬਾਲ ਲੈ ਕੇ ਮੈਦਾਨ ਦੇ ਕੇਂਦਰ ਵਿੱਚ ਗਿਆ। ਕੇਂਦਰੀ ਨਿਸ਼ਾਨ ’ਤੇ ਬਾਲ ਰੱਖੀ ਤੇ ਉਹਦੇ ਦੁਆਲੇ ਗੋਡਿਆਂ ਪਰਨੇ ਬੈਠ ਗਿਆ। ਫਿਰ ਉਹਨੇ ਮੂੰਹ ਅੱਗੇ ਕੈਂਚੀ ਦਾਅ ਬਾਹਾਂ ਖੜ੍ਹੀਆਂ ਕੀਤੀਆਂ। ਭਰੀਆਂ ਅੱਖਾਂ ਨਾਲ ਸਾਰੇ ਦਰਸ਼ਕਾਂ ਨੂੰ ਘੁੰਮ ਕੇ ਪ੍ਰਣਾਮ ਕੀਤਾ। ਮੈਚ ਵਿੱਚੇ ਛੱਡ ਕੇ ਉਹ ਕੱਪੜੇ ਬਦਲਣ ਵਾਲੇ ਕਮਰੇ ਵਿੱਚ ਚਲਾ ਗਿਆ ਤੇ ਸੈਂਟੋਸ ਕਲੱਬ ਦੀ ਵਰਦੀ ਲਾਹੁੰਦਿਆਂ ਵਾਸ਼ ਰੂਮ ਵਿੱਚ ਫੁੱਟ ਫੁੱਟ ਕੇ ਰੋਇਆ। ਲੰਮੀਆਂ ਸਾਂਝਾਂ ਕਿਹੜਾ ਸੌਖੀਆਂ ਟੁੱਟਦੀਆਂ ਨੇ!

ਉਦੋਂ ਪੇਲੇ ਬੇਸ਼ੱਕ ਚੌਂਤੀ ਸਾਲਾਂ ਦਾ ਹੋ ਗਿਆ ਸੀ, ਪਰ ਉਹਦੇ ਪ੍ਰਸੰਸਕ ਉਸ ਨੂੰ ਹੋਰ ਖੇਡਦੇ ਵੇਖਣਾ ਲੋਚਦੇ ਰਹੇ। ਨਿਊਯਾਰਕ ਦੇ ਕਾਸਮਸ ਕਲੱਬ ਨੇ ਇੱਕ ਕਰੋੜ ਡਾਲਰ ਦੀ ਪੇਸ਼ਕਸ਼ ਕੀਤੀ। ਸੋਚ ਵਿਚਾਰ


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

ਮਗਰੋਂ ਉਸ ਨੇ 15 ਜੂਨ 1975 ਨੂੰ ਦੋ ਸਾਲ ਲਈ ਕਾਸਮਸ ਵੱਲੋਂ ਖੇਡਣਾ ਪ੍ਰਵਾਨ ਕਰ ਲਿਆ। ਫਿਰ ਕਾਸਮਸ ਦੀ ਟੀਮ ਦੁਨੀਆ ਦੇ ਦੌਰੇ ’ਤੇ ਨਿਕਲੀ। 1977 ਵਿੱਚ ਪੇਲੇ ਨੇ ਕਲਕੱਤੇ ਦੇ ਈਡਨ ਗਾਰਡਨ ਵਿੱਚ ਵੀ ਇੱਕ ਮੈਚ ਖੇਡਿਆ। ਜਿਸ ਦਿਨ ਉਸ ਨੇ ਹਜ਼ਾਰਵਾਂ ਗੋਲ ਕੀਤਾ ਸੀ ਤਾਂ ਲੱਗਾ ਸੀ ਜਿਵੇਂ ਉਸ ਨੇ ਚੰਦ ’ਤੇ ਪੈਰ ਜਾ ਰੱਖਿਆ ਹੋਵੇ। ਜਿਸ ਦਿਨ 1250ਵਾਂ ਗੋਲ ਕੀਤਾ ਤਾਂ ਉਸ ਨੂੰ ਸੋਨੇ ਦੀਆਂ ਤਾਰਾਂ ਨਾਲ ਕੱਢੇ ਹੋਏ ਫੁੱਟਬਾਲ ਦੇ ਬੂਟ ਭੇਟ ਹੋਏ। ਫਿਰ ਵਧੀਆ ਖਿਡਾਰੀ ਲਈ ਪੇਲੇ ਐਵਾਰਡ ਰੱਖਿਆ ਗਿਆ। ਪੇਲੇ ਹਾਲੇ ਵੀ ਫੁੱਟਬਾਲ ਦੀ ਖੇਡ ਨਾਲ ਜੁੜਿਆ ਹੋਇਐ। ਉਹ ਬ੍ਰਾਜ਼ੀਲ ਦਾ ਖੇਡ ਮੰਤਰੀ ਰਹਿ ਚੁੱਕੈ। ਉਹ ਫੁੱਟਬਾਲ ਦੇ ਮੈਚਾਂ ਦੀ ਕੁਮੈਂਟਰੀ ਕਰਦਾ ਤੇ ਮਾਹਿਰ ਵਜੋਂ ਟਿੱਪਣੀਆਂ ਦਿੰਦਾ ਰਿਹੈ। 2022 ਦੇ ਵਿਸ਼ਵ ਕੱਪ ਸਮੇਂ ਬੇਸ਼ੱਕ ਉਹ ਹਸਪਤਾਲ ਵਿੱਚ ਸੀ, ਪਰ ਫੁੱਟਬਾਲ ਦੇ ਨਾਮੀ ਖਿਡਾਰੀ ਨੇਮਾਰ ਨੂੰ ਇੰਸਟਾਗ੍ਰਾਮ ’ਤੇ ਪੋਸਟ ਕੀਤੀ, ‘‘ਮੈਂ ਤੈਨੂੰ ਵੱਡੇ ਹੁੰਦੇ ਵੇਖਿਆ, ਤੇਰਾ ਹਰ ਦਿਨ ਮਨਾਇਆ। ਹੁਣ ਮੈਂ ਤੈਨੂੰ ਬ੍ਰਾਜ਼ੀਲ ਲਈ ਸਭ ਤੋਂ ਵੱਧ ਗੋਲ ਕਰਨ ਦੇ ਮੇਰੇ ਰਿਕਾਰਡ ਦੀ ਬਰਾਬਰੀ ਕਰਨ ਲਈ ਵਧਾਈ ਦਿੰਦਾ ਹਾਂ। ਉਹਦੇ ਤਿੰਨ ਵਿਆਹ ਹੋਏ, ਦੋ ਤਲਾਕ, ਇੱਕ ਪਾਰਟਨਰਸ਼ਿਪ, ਸੱਤ ਬੱਚੇ ਜਾਇਜ਼, ਬਾਕੀ ਨਾਜਾਇਜ਼। ਹਿੱਪ ਦੇ ਆਪ੍ਰੇਸ਼ਨ ਪਿੱਛੋਂ ਵੀਲ੍ਹ ਚੇਅਰ ਦਾ ਸਵਾਰ ਬਣਿਆ। ਹਰਨੀਏ ਦੇ ਆਪ੍ਰੇਸ਼ਨ ਪਿੱਛੋਂ ਹੁਣ ਇੱਕੋ ਗੁਰਦੇ ਨਾਲ ਗੱਡੀ ਚੱਲਦੀ ਸੀ, ਪਰ ਸਾਹ ਦੀ ਤਕਲੀਫ਼ ਵੀ ਸੀ। ਪਰ 29 ਦਸੰਬਰ 2022 ਨੂੰ 83ਵੇਂ ਸਾਲ ਵਿੱਚ ਉਹ ਦੁਨੀਆ ਨੂੰ ਅਲਵਿਦਾ ਕਹਿ ਗਿਆ। ਪੇਲੇ ਦੇ ਜੀਵਨ ਨੂੰ ਇੱਕ ਅਮਰੀਕੀ ਫਿਲਮ ਵਿੱਚ ਦਿਖਾਇਆ ਗਿਆ ਹੈ। ਉਸ ਦੇ ਸ਼ੁਰੂਆਤੀ ਜੀਵਨ ਅਤੇ 1958 ਫੀਫਾ ਵਿਸ਼ਵ ਕੱਪ ਜਿੱਤਣ ਲਈ ਉਸ ਦੀ ਯਾਤਰਾ ਬਾਰੇ ‘ਪੇਲੇ: ਬਰਥ ਆਫ਼ ਏ ਲੈਜੈਂਡ’ ਨਾਮਕ ਫਿਲਮ ਬਣਾਈ ਗਈ। ਇਹ ਫਿਲਮ ਜੈੱਫ ਜਿੰਬਾਲਿਸਟ ਅਤੇ ਮਾਈਕਲ ਜਿੰਬਾਲਿਸਟ ਦੁਆਰਾ ਨਿਰਦੇਸ਼ਿਤ ਅਤੇ ਲਿਖੀ ਗਈ ਸੀ, ਜਿਸ ਵਿੱਚ ਪੇਲੇ ਨੇ ਵੀ ਮਹਿਮਾਨ ਭੂਮਿਕਾ ਨਿਭਾਈ ਸੀ। ਫਿਲਮ ਆਲੋਚਕਾਂ ਨੇ ਇਸ ਵਿੱਚ ਗਹਿਰਾਈ ਦੀ ਘਾਟ ਦਾ ਹਵਾਲਾ ਦਿੰਦੇ ਹੋਏ ਸਮੀਖਿਆ ਕੀਤੀ ਸੀ। ਪੇਲੇ ਦੀ ਫੁੱਟਬਾਲ ਸ਼ੈਲੀ ਗਿੰਗਾ ਤੋਂ ਨਿਕਲੀ ਹੈ। ਇਤਿਹਾਸ ਮੁਤਾਬਿਕ 16ਵੀਂ ਸਦੀ ਦੀ ਸ਼ੁਰੂਆਤ ਵਿੱਚ ਪੁਰਤਗਾਲੀ ਜਦੋਂ ਅਫ਼ਰੀਕੀ ਗੁਲਾਮਾਂ ਨਾਲ ਬ੍ਰਾਜ਼ੀਲ ਪੁੱਜੇ ਤਾਂ ਅਫ਼ਰੀਕੀ ਆਪਣੀ ਮਜ਼ਬੂਤ ਇੱਛਾ ਸ਼ਕਤੀ ਦੇ ਚੱਲਦੇ ਜੰਗਲ ਵੱਲ ਭੱਜ ਗਏ। ਖ਼ੁਦ ਨੂੰ ਬਚਾਉਣ ਲਈ ਇਨ੍ਹਾਂ ਭੱਜੇ ਹੋਏ ਗੁਲਾਮਾਂ ਨੇ ਮਾਰਸ਼ਲ ਆਰਟ ‘ਕੈਪੋਈਰਾ’ ਦੀ ਨੀਂਹ ਰੱਖੀ ਜਿਸ ਨੂੰ ਗਿੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਦੋਂ ਗੁਲਾਮੀ ਦਾ ਅੰਤ ਹੋਇਆ ਤਾਂ ਕੈਪੋਈਰਾ ਕਰਨ ਵਾਲੇ ਜੰਗਲਾਂ ਤੋਂ ਬਾਹਰ ਆ ਗਏ। ਫਿਰ ਉਨ੍ਹਾਂ ਨੇ ਦੇਖਿਆ ਕਿ ਉਹ ਫੁੱਟਬਾਲ ਵਿੱਚ ਗਿੰਗਾ ਦੀ ਤਕਨੀਕ ਦਾ ਇਸਤੇਮਾਲ ਕਰ ਸਕਦੇ ਹਨ। ਹੁਣ ਪੂਰੀ ਦੁਨੀਆ ਵਿੱਚ ਇਸ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਹੈ। ਗਿੰਗਾ ਦੀਆਂ ਆਮ ਚਾਲਾਂ ਵਿੱਚ ਕਰਤੱਬ ਦਿਖਾਉਣਾ ਅਤੇ ਪੈਰ ਦੇ ਸਾਰੇ ਹਿੱਸਿਆਂ ਨਾਲ ਬਾਲ ਨੂੰ ਕੰਟਰੋਲ ਕਰਨਾ ਸ਼ਾਮਲ ਹੈ। ਇਹ ਇੱਕ ਵਿਲੱਖਣ ਕਲਾ ਹੈ ਜਿਸ ਵਿੱਚ ਬਾਲ ਨੂੰ ਪੱਟਾਂ ਜਾਂ ਪਿੱਠ ਦੀ ਵਰਤੋਂ ਕਰਕੇ ਵੀ ਪਾਸ ਕੀਤਾ ਜਾਂਦਾ ਹੈ।

# ਸਿੱਖ ਸੰਘਰਸ਼ ਦੇ ਸ਼ਹੀਦਾਂ ਦੇ ਦਿਹਾੜੇ ਕੌਮੀ ਪੱਧਰ ‘ਤੇ ਮਨਾਏ ਜਾਣ:ਭਾਈ ਰਣਜੀਤ ਸਿੰਘ

ਅੰਮ੍ਰਿਤਸਰ: ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਸ਼ਹੀਦੀ ਦਿਹਾੜਾ ਹਰ ਸਾਲ 1 ਜਨਵਰੀ ਨੂੰ ਕੌਮੀ ਪੱਧਰ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਮਨਾਉਣਾ ਚਾਹੀਦਾ ਹੈ। ਜਿਨ੍ਹਾਂ ਬਾਰੇ ਸਾਬਕਾ ਸਿਪਾਹੀ ਦਰਸ਼ਨ ਸਿੰਘ ਹਠੂਰ ਨੇ ਇਕਬਾਲ ਕੀਤਾ ਸੀ ਕਿ ਮੇਰੇ ਸਾਮ੍ਹਣੇ ਐੱਸ ਐੱਸ ਪੀ ਸਵਰਨ ਸਿੰਘ ਘੋਟਣਾ, ਡੀ ਐੱਸ ਪੀ ਹਰਭਗਵਾਨ ਸਿੰਘ ਸੋਢੀ, ਇੰਸਪੈਕਟਰ ਗੁਰਮੀਤ ਸਿੰਘ ਅਤੇ ਐੱਸ ਆਈ ਚੰਨਣ ਸਿੰਘ ਨੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਨਿਰਵਸਤਰ ਕਰ ਕੇ ਤਸ਼ੱਦਦ ਕੀਤਾ ਤੇ ਉਹਨਾਂ ਨੇ ਭਾਈ ਸਾਹਿਬ ਦੀਆਂ ਲੱਤਾਂ ਫੜ ਕੇ ਅੱਡ ਅੱਡ ਦਿਸ਼ਾਵਾਂ ਨੂੰ ਖਿੱਚ ਦਿੱਤੀਆਂ, ਬੇਦਰਦੀ ਨਾਲ ਤਸੀਹੇ ਦਿੱਤੇ ਤੇ ਅੰਤ ਗੋਲ਼ੀ ਮਾਰ ਦਿੱਤੀ ਤੇ ਫਿਰ ਜਥੇਦਾਰ ਜੀ ਦੇ ਸਰੀਰ ਦੇ ਟੋਟੇ ਟੋਟੇ ਕਰ ਕੇ ਸਿੱਧਵਾਂ ਬੇਟ ਕੋਲ ਕੰਨੀਆਂ ਪਿੰਡ ਵਿਖੇ ਸਤਲੁਜ ਦਰਿਆ ਵਿੱਚ ਪੱਥਰ ਬੰਨ੍ਹ ਰੋੜ ਦਿੱਤੇ ਸਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੇ ਬੰਦ ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਵਾਂਗ ਸ਼ਹੀਦੀ ਪ੍ਰਾਪਤ ਕੀਤੀ ਹੈ। ਉਹਨਾਂ ਕਿਹਾ ਕਿ ਭਾਈ ਗੁਰਦੇਵ ਸਿੰਘ ਕਾਉਂਕੇ 26 ਜਨਵਰੀ 1986 ਦੇ ਸਰਬੱਤ ਖ਼ਾਲਸਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਥਾਪੇ ਗਏ ਸਨ, ਜਥੇਦਾਰ ਜੀ ਖ਼ਾਲਿਸਤਾਨ ਦੇ ਹਥਿਆਰਬੰਦ ਸੰਘਰਸ਼ ਦੀ ਠੋਕਵੀਂ ਹਮਾਇਤ ਕਰਦੇ ਸਨ ਤੇ ਜੁਝਾਰੂ ਸਿੰਘਾਂ ਨੂੰ ਪੁੱਤਾਂ ਵਾਂਗ ਪਿਆਰ ਕਰਦੇ ਸਨ, ਜਥੇਦਾਰ ਜੀ ਨੇ ਧਰਮ ਦਾ ਪ੍ਰਚਾਰ ਕਰਦਿਆਂ ਅਨੇਕਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਤੇ ਉਹ ਅਕਾਲੀ ਫੂਲਾ ਸਿੰਘ ਵਾਂਗ ਕੌਮ ਦੇ ਨਿਧੜਕ ਜਥੇਦਾਰ ਸਨ ਤੇ ਉਹਨਾਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਬਚਨਾਂ ਉੱਤੇ ਪਹਿਰਾ ਦਿੰਦਿਆਂ 1 ਜਨਵਰੀ 1993 ਨੂੰ ਸ਼ਹਾਦਤ ਪ੍ਰਾਪਤ ਕੀਤੀ ਜੋ ਸਮੁੱਚੀ ਕੌਮ ਲਈ ਚਾਨਣ ਮੁਨਾਰਾ ਹੈ। ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਬਾਦਲਕਿਆਂ ਵੱਲੋਂ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਸ਼ਹੀਦੀ ਰੋਲਣੀ ਸ਼ਰਮਨਾਕਾ ਕਾਰਾ ਹੈ, ਉਹਨਾਂ ਦਾ ਹਰ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸ਼ਹੀਦੀ ਦਿਹਾੜਾ ਮਨਾਉਣਾ ਸ਼ੁਰੂ ਕਰਨਾ ਚਾਹੀਦਾ ਹੈ, ਨਹੀਂ ਤਾਂ ਫ਼ੈਡਰੇਸ਼ਨ ਭਿੰਡਰਾਂਵਾਲਾ ਤੇਜ ਤਰਾਰ ਸੰਘਰਸ਼ ਉਲੀਕਣ ਲਈ ਮਜ਼ਬੂਰ ਹੋਵੇਗੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਹ ਵੀ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਸਿੱਖ ਸੰਘਰਸ਼ ਦੇ ਸ਼ਹੀਦਾਂ ਦੇ ਦਿਹਾੜੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਸ਼੍ਰੋਮਣੀ ਕਮੇਟੀ ਖੁਦ ਮਨਾਇਆ ਕਰੇ ਪਰ ਬਾਦਲਕੇ ਜਾਂ ਤਾਂ ਸ਼ਹੀਦੀ ਦਿਹਾੜੇ ਮਨਾਉਣ ਹੀ ਨਹੀਂ ਦਿੰਦੇ ਤੇ ਜਾਂ ਫੇਰ ਐਨੇ ਰਵਾਇਤੀ ਜਿਹੇ ਬਣਾ ਦਿੰਦੇ ਨੇ ਕਿ ਮਨਾਇਆ, ਨਾ ਮਨਾਇਆ ਇੱਕ ਬਰਾਬਰ ਹੋ ਜਾਵੇ। ਹਰ ਸਾਲ ਜਨਰਲ ਵੈਦਿਆ ਨੂੰ ਤੇ ਇੰਦਰਾ ਗਾਂਧੀ ਨੂੰ ਸੋਧਣ ਵਾਲ਼ਿਆਂ ਸਿੰਘਾਂ ਦੇ ਦਿਹਾੜੇ ਸ਼੍ਰੋਮਣੀ ਕਮੇਟੀ ਮਨਾਉਂਦੀ ਤਾਂ ਹੈ ਪਰ ਪੂਰਾ ਖਿਆਲ ਰੱਖਿਆ ਜਾਂਦਾ ਹੈ ਕਿ ਸੰਗਤ ਨਾ ਜੁੜ ਸਕੇ ਤੇ ਸਵੇਰੇ ਸੁਵੱਖਤੇ ਹੀ ਭੋਗ ਪਾ ਕੇ ਸਮਾਪਤੀ ਕਰ ਦਿੱਤੀ ਜਾਵੇ। ਇਹਨਾਂ ਸ਼ਹੀਦੀ ਦਿਹਾੜਿਆਂ ਮੌਕੇ ਸੰਗਤਾਂ ਨੂੰ ਹਾਜ਼ਰੀ ਭਰਨ ਲਈ ਉਤਸ਼ਾਹਿਤ ਕਰਨ ਦੀ ਥਾਂ ਬਾਦਲਕਿਆਂ ਵੱਲੋਂ ਐਹੋ ਜਿਹਾ ਮਹੌਲ ਬਣਾਇਆ ਜਾਂਦਾ ਹੈ ਕਿ ਜਿਹੜਾ ਆਇਆ ਵੀ ਹੋਵੇ ਉਹ ਵੀ ਨਿਰਾਸ਼ ਜਿਹਾ ਹੋ ਜਾਵੇ ਤੇ ਅਗਲੀ ਵਾਰ ਨਾ ਆਵੇ। ਇਹਨਾਂ ਸ਼ਹੀਦਾਂ ਦੇ ਦਿਹਾੜੇ ਤਾਂ ਪੂਰੀ ਸ਼ਾਨ ਤੇ ਧੂਮ ਧਾਮ ਨਾਲ ਦੀਵਾਨ ਅਸਥਾਨ ਮੰਜੀ ਸਾਹਿਬ ਵਿਖੇ ਮਨਾਉਣ ਦੀ ਲੋੜ ਹੈ ਪਰ ਬਾਦਲਕਿਆਂ ਦੀ ਜਿੱਦ ਹੈ ਕਿ ਇਹ ਦਿਹਾੜੇ ਰਸਮੀ ਜਿਹੇ ਤੌਰ ਤੇ ਮਨਾਏ ਜਾਣਗੇ। ਉਹਨਾਂ ਕਿਹਾ ਕਿ ਸੱਚੀ ਗੱਲ ਤਾਂ ਇਹ ਹੈ ਕਿ ਬਾਦਲਕੇ ਇਉਂ ਵਿਖਾਵਾ ਕਰਦੇ ਨੇ ਕਿ ਸ਼ੁਕਰ ਕਰੋ, ਅਸੀਂ ਐਨਾ ਕੁ ਕਰ ਦਿੰਦੇ ਹਾਂ, ਜੇ ਅਸੀਂ ਆਈ ਤੇ ਆ ਗਏ ਤਾਂ ਕਿਸੇ ਵੀ ਸ਼ਹੀਦ ਦਾ ਦਿਹਾੜਾ ਨਹੀਂ ਮਨਾਉਣ ਦਿਆਂਗੇ। ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਹੋਣ ਵਾਲੇ ਸਮਾਗਮ ਮੌਕੇ ਬਾਦਲਕਿਆਂ ਦੀ ਗੁੰਡਾ ਫ਼ੋਰਸ ਹਰ ਸਾਲ ਹੁੱਲੜਬਾਜ਼ੀ ਕਰਦੀ ਹੈ ਤਾਂ ਕਿ ਸੰਗਤਾਂ ਡਰ ਜਾਣ ਤੇ ਆਉਣੋਂ ਹਟ ਜਾਣ। ਉਹਨਾਂ ਕਿਹਾ ਕਿ ਪਤਾ ਨਹੀਂ ਕਦ ਉਹ ਵੇਲਾ ਆਵੇਗਾ ਜਦ ਜਥੇਦਾਰ ਗੁਰਦੇਵ ਸਿੰਘ ਕਾਉਂਕੇ, ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ,



ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਦਿਲਾਵਰ ਸਿੰਘ ਸਮੇਤ ਹੋਰ ਸ਼ਹੀਦਾਂ ਦੇ ਦਿਹਾੜੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਵੱਡੇ ਪੱਧਰ ਉੱਤੇ ਪੂਰੀ ਧੂਮ ਧਾਮ ਨਾਲ ਮਨਾਉਣ ਦੀ ਪਿਰਤ ਪਵੇਗੀ। ਬਾਦਲਕਿਆਂ ਦੇ ਹੁੰਦਿਆਂ ਤਾਂ ਇਹ ਖ਼ਦਸ਼ਾ ਹੈ ਕਿ ਇਹ ਪਹਿਲਾਂ ਵਾਲੇ ਵੀ ਕਿਤੇ ਬੰਦ ਨਾ ਕਰ ਦੇਣ।

AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads



Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# 23 ਪੋਹ ਬਨਾਮ ਪੋਹ ਸੁਦੀ 7

| ਸੰਮਤ ਨਾਨਕਸ਼ਾਹੀ | ਵੈਸਾਖੀ | ਸ਼ਹੀਦੀ ਦਿਹਾੜਾ ਵੱਡੇ ਸਾਹਿਬਜ਼ਾਦੇ | ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ | ਪ੍ਰਕਾਸ਼ ਦਿਹਾੜਾ ਗੁਰੂ ਗੋਬਿੰਦ ਸਿੰਘ ਜੀ |
|---|---|---|---|---|
| 554 (22-23 ਈ:) | 1 ਵੈਸਾਖ | 8 ਪੋਹ | 13 ਪੋਹ | **14 ਪੋਹ** |
| 555 (23-24 ਈ:) | 1 ਵੈਸਾਖ | 8 ਪੋਹ | 13 ਪੋਹ | **4 ਮਾਘ** |
| 556 (24-25 ਈ:) | 1 ਵੈਸਾਖ | 8 ਪੋਹ | 13 ਪੋਹ | **23 ਪੋਹ** |
| 557 (25-26 ਈ:) | 1 ਵੈਸਾਖ | 8 ਪੋਹ | 13 ਪੋਹ | **13 ਪੋਹ** |
| 558 (26-27 ਈ:) | 1 ਵੈਸਾਖ | 8 ਪੋਹ | 13 ਪੋਹ | **2 ਮਾਘ** |

**ਸਰਵਜੀਤ ਸਿੰਘ ਸੈਕਰਾਮੈਂਟੋ**

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ, ਆਪਣੇ ਦੇਸ਼ ਵਿੱਚ ਪ੍ਰਚਲਿਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ 23 ਪੋਹ, ਪੋਹ ਸੁਦੀ 7, ਸੰਮਤ 1723 ਬਿਕ੍ਰਮੀ ਦਿਨ ਸ਼ਨਿਚਰਵਾਰ ਨੂੰ ਹੋਇਆ ਸੀ। ਇਸ ਤਾਰੀਖ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਵੈਬ ਸਾਈਟ ਉਪਰ ਵੀ ਇਹ ਤਾਰੀਖ ਹੀ ਦਰਜ ਹੈ। "ਠਹਏ ਟਏਨਟਹ ਓਨਦ ਟਹਏ ਲਓਸਟ ਘੁਰੁ ੋਰ ਫਰੋਪਹਏਟ-ਟਏਓਚਹਏਰ ੋਡ ਟਹਏ ਸ਼ਿਕਹ ਡਓਟਿਹ, ਯਓਸ ਬੋਰਨ ਘੋਬਿਨਦ ੑਓ ਸ਼ੋਦਹਿ ੋਨ ਫੋਹ ਸ਼ੁਦਿ 7ਟਹ, 23ਰਦ ਫੋਹ 1723 ਭਿਕਰਓਮਿ ਸ਼ਓਮਵਓਟ (22 ਧਏਚਏਮਬਏਰ 1666) ਓਟ ਫਓਟਨਓ,ਿ ਨ ਭਿਹਓਰ". (ਸਗਪਚ. ਨਏਟ)

ਇਨ੍ਹਾਂ 'ਚ ਇਕ ਤਾਰੀਖ 23 ਪੋਹ, ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ ਹੈ। ਧਰਤੀ ਸੂਰਜ ਦੁਵਾਲੇ 365 ਦਿਨਾਂ ਵਿੱਚ ਇਕ ਚੱਕਰ ਪੂਰਾ ਕਰਦੀ ਹੈ। ਭਾਵ ਸੂਰਜੀ ਕੈਲੰਡਰਾਂ ਦੇ ਸਾਲ ਵਿੱਚ 365 ਦਿਨ ਹੁੰਦੇ ਹਨ। ਦੂਜੀ ਤਾਰੀਖ ਪੋਹ ਸੁਦੀ 7, ਚੰਦ ਦੇ ਕੈਲੰਡਰ ਦੀ ਤਾਰੀਖ ਹੈ। ਚੰਦ ਧਰਤੀ ਦੁਵਾਲੇ 29.53 ਦਿਨਾਂ ਵਿੱਚ ਇਕ ਚੱਕਰ ਪੂਰਾ ਕਰਦਾ ਹੈ। ਇਸ ਨੂੰ ਚੰਦ ਦਾ ਇਕ ਮਹੀਨਾ ਕਹਿੰਦੇ ਹਨ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ (29.53*12) 354 ਦਿਨ ਹੁੰਦੀ ਹੈ। ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੁੰਦਾ ਹੈ। ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਹਰ ਤੀਜੇ-ਚੌਥੇ ਸਾਲ ਇਸ ਵਿੱਚ ਇਕ ਹੋਰ ਮਹੀਨਾ (ਮਲਮਾਸ) ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿਚ 13 ਮਹੀਨੇ ਅਤੇ 384-85 ਦਿਨ ਹੋ ਜਾਂਦੇ ਹਨ। ਅਜੇਹਾ 19 ਸਾਲਾਂ ਵਿੱਚ 7 ਵਾਰ ਕੀਤਾ ਜਾਂਦਾ ਹੈ। ਸੰਮਤ 2080 ਬਿਕ੍ਰਮੀ (2023-24 ਈ:) ਚੰਦ ਦੇ ਸਾਲ ਵਿਚ 13 ਮਹੀਨੇ ਅਤੇ 385 ਦਿਨ ਹੋਣਗੇ। ਸਾਵਣ ਦਾ ਮਹੀਨਾ ਦੋ ਵਾਰ ਆਵੇਗਾ। ਇਕ ਸ਼ੁੱਧ ਅਤੇ ਦੂਜਾ ਅਸ਼ੁੱਧ, ਭਾਵ ਪੂਰੇ ਦਾ ਪੂਰਾ ਮਹੀਨਾ ਮਾੜਾ।

ਅੱਜ ਸਾਡੀ ਸਮੱਸਿਆ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਇਨ੍ਹਾਂ ਦੋਵਾਂ ਤਾਰੀਖਾਂ 'ਚ ਕਿਹੜੀ ਤਾਰੀਖ ਨੂੰ ਮਨਾਇਆ ਜਾਵੇ?

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜੋ ਕੈਲੰਡਰ ਛਾਪਦੀ ਹੈ, ਉਸ ਦਾ ਆਰੰਭ ਹਰ ਸਾਲ 1 ਚੇਤ (14 ਮਾਰਚ) ਤੋਂ ਹੁੰਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਇਹ ਸੂਰਜੀ ਕੈਲੰਡਰ ਹੈ ਅਤੇ ਇਸ ਵਿੱਚ 365 ਦਿਨ ਹੁੰਦੇ ਹਨ। ਇਸ ਕੈਲੰਡਰ ਵਿੱਚ ਵੈਸਾਖੀ, ਹਰ ਸਾਲ ਇਕ ਵੈਸਾਖ ਨੂੰ ਦਰਜ ਹੁੰਦੀ ਹੈ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 13 ਪੋਹ ਦਾ ਹੀ ਦਰਜ ਹੁੰਦਾ ਹੈ। ਜੇ ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਅਸਲ ਪ੍ਰਵਿਸ਼ਟੇ ਮੁਤਾਬਕ 23 ਪੋਹ ਨੂੰ ਮਨਾਉਂਦੇ ਹਾਂ ਤਾਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕੈਲੰਡਰ ਵਿੱਚ ਇਹ ਹਰ ਸਾਲ 23 ਪੋਹ ਨੂੰ ਹੀ ਆਵੇਗਾ।

ਹੁਣ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਪੋਹ ਸੁਦੀ 7 ਨੂੰ ਮਨਾਉਂਦੀ ਹੈ ਪਰ ਦਰਜ ਪ੍ਰਵਿਸ਼ਟਿਆਂ ਵਿੱਚ ਕਰਦੀ ਹੈ। ਇਸ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਹਰ ਸਾਲ ਇਹ ਦਿਹਾੜਾ 23 ਪੋਹ ਨੂੰ ਕਿਉ ਨਹੀਂ ਮਨਾਇਆ ਜਾ ਸਕਦਾ? ਜੇ ਸੰਮਤ 1756 ਬਿਕ੍ਰਮੀ ਦੀ, ਇਕ ਵੈਸਾਖ ਅੱਜ ਵੀ ਇਕ ਵੈਸਾਖ ਹੈ, ਜੇ ਸੰਮਤ 1761 ਬਿਕ੍ਰਮੀ ਦੀ 8 ਪੋਹ ਅਤੇ 13 ਪੋਹ, ਅੱਜ ਵੀ 8 ਪੋਹ ਅਤੇ 13 ਪੋਹ ਹੈ। ਉਸੇ ਕੈਲੰਡਰ ਦੀ, ਸੰਮਤ 1723 ਬਿਕ੍ਰਮੀ ਦੀ 23 ਪੋਹ, ਅੱਜ 23 ਪੋਹ ਕਿਵੇਂ ਨਹੀਂ ਹੈ?

ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ, ਹਰ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 23 ਪੋਹ ਨੂੰ ਮਨਾਉਣ ਨਾਲ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੋ ਜਾਵੇਗੀ?

# ਨੋਟਬੰਦੀ ਨੂੰ ਸੁਪਰੀਮ ਕੋਰਟ ਨੇ ਬਹੁਮਤ ਨਾਲ ਸਹੀ ਠਹਿਰਾਇਆ




ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸੋਮਵਾਰ ਕੇਂਦਰ ਦੇ 2016 ਦੇ ਨੋਟਬੰਦੀ ਦੇ ਫੈਸਲੇ ਵਿਰੁੱਧ ਦਾਇਰ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਤੇ ਕੇਂਦਰ ਦੇ ਕਦਮ ਨੂੰ ਸਹੀ ਕਰਾਰ ਦਿੱਤਾ।ਅਦਾਲਤ ਨੇ 4:1 ਦੇ ਬਹੁਮਤ ਨਾਲ ਕੇਂਦਰ ਦੇ 2016 ਦੇ ਨੋਟਬੰਦੀ ਦੇ ਫੈਸਲੇ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ 8 ਨਵੰਬਰ 2016 ਨੂੰ ਜਾਰੀ ਨੋਟੀਫਿਕੇਸ਼ਨ ਜਾਇਜ਼ ਸੀ ਅਤੇ ਪ੍ਰਕਿਰਿਆ ਅਧੀਨ ਸੀ।ਸੁਪਰੀਮ ਕੋਰਟ ਦੇ ਜਸਟਿਸ ਬੀ ਆਰ ਗਵਈ ਨੇ ਕਿਹਾ ਕਿ ਨੋਟਬੰਦੀ ਸੰਬੰਧੀ ਕੇਂਦਰ ਦੇ ਫੈਸਲੇ ਵਿਚ ਕੋਈ ਖਾਮੀ ਨਹੀਂ ਹੋ ਸਕਦੀ, ਕਿਉਂਕਿ ਇਸ ਮਾਮਲੇ 'ਤੇ ਰਿਜ਼ਰਵ ਬੈਂਕ ਅਤੇ ਸਰਕਾਰ ਵਿਚਕਾਰ ਪਹਿਲਾਂ ਚਰਚਾ ਹੋਈ ਸੀ।ਇਸ ਲਈ ਇਹ ਗੱਲ ਬਹੁਤੀ ਅਹਿਮੀਅਤ ਨਹੀਂ ਰੱਖਦੀ ਕਿ ਜਿਸ ਉਦੇਸ਼ ਲਈ ਨੋਟਬੰਦੀ ਕੀਤੀ ਗਈ ਉਹ ਪ੍ਰਾਪਤ ਹੋਏ ਜਾਂ ਨਹੀਂ।ਰਿਜ਼ਰਵ ਬੈਂਕ ਐਕਟ ਦੀ ਧਾਰਾ 26(2) ਤਹਿਤ ਕੇਂਦਰ ਦੀਆਂ ਸ਼ਕਤੀਆਂ ਦੇ ਮੁੱਦੇ 'ਤੇ ਜਸਟਿਸ ਬੀ ਵੀ ਨਾਗਰਤਨਾ ਦੀ ਰਾਏ ਜਸਟਿਸ ਬੀ ਆਰ ਗਵਈ ਤੋਂ ਵੱਖਰੀ ਸੀ।ਜਸਟਿਸ ਨਾਗਰਤਨਾ ਨੇ ਕਿਹਾ ਕਿ 500 ਅਤੇ 1000 ਰੁਪਏ ਦੀ ਸੀਰੀਜ਼ ਦੇ ਨੋਟ ਸਿਰਫ ਕਾਨੂੰਨ ਰਾਹੀਂ ਰੱਦ ਕੀਤੇ ਜਾ ਸਕਦੇ ਸਨ, ਨੋਟੀਫਿਕੇਸ਼ਨ ਰਾਹੀਂ ਨਹੀਂ।ਉਨ੍ਹਾਂ ਕਿਹਾ ਕਿ ਸੰਸਦ ਨੂੰ ਨੋਟਬੰਦੀ ਮਾਮਲੇ 'ਚ ਕਾਨੂੰਨ 'ਤੇ ਚਰਚਾ ਕਰਨੀ ਚਾਹੀਦੀ ਸੀ, ਪ੍ਰਕਿਰਿਆ ਗਜ਼ਟ ਨੋਟੀਫਿਕੇਸ਼ਨ ਰਾਹੀਂ ਨਹੀਂ ਹੋਣੀ ਚਾਹੀਦੀ ਸੀ।ਦੇਸ਼ ਲਈ ਅਜਿਹੇ ਮਹੱਤਵਪੂਰਨ ਮਾਮਲੇ 'ਚ ਸੰਸਦ ਨੂੰ ਪਾਸੇ ਨਹੀਂ ਰੱਖਿਆ ਜਾ ਸਕਦਾ।ਭਾਜਪਾ ਨੇ ਨੋਟਬੰਦੀ 'ਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਪੁੱਛਿਆ ਕਿ ਕੀ ਉਹ ਦੇਸ਼ 'ਚ ਨੋਟਬੰਦੀ ਵਿਰੁੱਧ ਮੁਹਿੰਮ ਚਲਾਉਣ ਲਈ ਮੁਆਫੀ ਮੰਗਣਗੇ।ਸਾਬਕਾ ਕੇਂਦਰੀ ਵਿੱਤ ਮੰਤਰੀ ਪੀ ਚਿਦੰਬਰਮ ਨੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਤੁਰੰਤ ਬਾਅਦ ਕਿਹਾ ਕਿ 'ਘੱਟਗਿਣਤੀ' ਫੈਸਲੇ ਨੇ ਨੋਟਬੰਦੀ 'ਚ 'ਗੈਰ-ਕਾਨੂੰਨੀ' ਅਤੇ 'ਬੇਨਿਯਮੀਆਂ' ਵੱਲ ਇਸ਼ਾਰਾ ਕੀਤਾ ਹੈ।ਉਨ੍ਹਾ ਕਿਹਾ ਕਿ 4:1 ਦੇ ਬਹੁਮਤ ਦੇ ਫੈਸਲੇ ਨੇ ਇਸ ਸਵਾਲ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਕੀ ਨੋਟਬੰਦੀ ਦੇ ਉਦੇਸ਼ ਹਾਸਲ ਕੀਤੇ ਗਏ।

# ਨਾਨਕਸ਼ਾਹੀ ਕਲੰਡਰ ਅਤੇ ਕੌਮੀ ਝਗੜੇ

ਜਿਓਂਦਿਆਂ ਦੇ ਝਗੜੇ ਹੁੰਦੇ ਕਬਰਸਤਾਨ ਵਿਚ ਕਿਸੇ ਲੜਾਈ ਦੇਖੀ?

ਖਾਸ ਕਰ ਉਸ ਸਮੇ ਤਾਂ ਆਪਸੀ ਕਲੇਸ਼ ਹੋਰ ਵੀ ਵਧ ਰਹੇ ਹੁੰਦੇ ਜਦ ਕੌਮਾਂ 'ਸਰਵਾਈਵ' ਕਰ ਰਹੀਆਂ ਅਤੇ ਨਿਹਥੀਆਂ ਹੋਣ ਅਤੇ ਓਨਾ ਦੇ ਜਨਮ ਮਰਣ ਤਕ ਵੀ ਤਾਕਤ ਤਹਿ ਕਰਦੀ ਕਿਓਂਕਿ ਲਾਠੀ ਉਸ ਹਥ ਹੁੰਦੀ।ਨਾਨਕਸ਼ਾਹੀ ਕਲੰਡਰ ਤਾਂ ਪੁਰਬਾਂ ਤੋਂ ਬਿਨਾ ਇਕ ਪ੍ਰਤੀਕ ਵੀ ਸੀ ਅਤੇ ਐਲਾਨ ਵੀ ਕਿ ਮੈਂ ਹਿੰਦੂ ਨਾਲੋਂ ਵੱਖਰਾ ਹਾਂ, ਮੇਰੀ ਹਸਤੀ ਅਲਹਿਦਾ ਹੈ ਹਿੰਦੂ ਨਾਲੋਂ ਕਿਓਂਕਿ ਮੈਂ ਇਕ ਫਿਰਕਾ ਨਹੀ ਬਲਕਿ ਕੌਮ ਹਾਂ ਅਤੇ ਕੌਮ ਹੋਣ ਨਾਤੇ ਹੀ ਮੈਂ ਇਹ ਹੱਕ ਰੱਖ ਸਕਦਾਂ ਕਿ ਮੈਂ ਹਿੰਦੂ ਨਾਲ ਰਹਿਣਾ ਜਾਂ ਨਹੀ।

ਕੌਮ ਹੋਣ ਨਾਤੇ ਹੀ ਮੇਰਾ ਵੱਖਰੇ ਮੁਲਖ ਦਾ ਦਾਅਵਾ ਠੋਸ ਅਤੇ ਸਾਰਥਿਕ ਹੈ ਨਹੀ ਕੋਈ ਵੀ ਚਾਰ ਬੰਦੇ ਉਠਕੇ ਕਿਸੇ ਮੁਲਖ ਵਿਰੁਧ ਇਹ ਦਾਅਵਾ ਨਹੀ ਕਰ ਸਕਦੇ ਕਿ ਮੈਂ ਇਨਾ ਨਾਲੋਂ ਅਜਾਦ ਹੋਣਾ ਚਾਹੁੰਦਾ ਹਾਂ। ਮੁਲਖ ਦੀ ਅਜਾਦੀ ਯਾਣੀ ਪੰਜਾਬ ਦੀ ਬਰਬਾਦੀ ਵੇਲੇ ਤਿੰਨ ਤਾਕਤਾਂ ਭਾਈਵਾਲ ਮੰਨੀਆਂ ਗਈਆਂ ਸਨ। ਸਿਖ, ਹਿੰਦੂ ਅਤੇ ਮੁਸਲਮਾਨ। ਪਤਾ ਕਿਓਂ? ਕਿਓਂਕਿ ਸਿਖ ਇਕ ਵਖਰੀ ਕੌਮ ਸਨ ਨਹੀ ਤਾਂ ਫਿਰਕੇ ਤਾਂ ਹਿੰਦੁਸਤਾਨ ਵਿਚ ਬਥੇਰੇ ਨੇ।

ਯਾਦ ਰੱਖਣਾ ਤੁਹਾਡੀ ਪਗ ਦਾਹੜੀ ਕਿਰਪਾਨ ਜਾਂ ਰਹਿਣ ਸਹਿਣ ਨਾਲ ਹਿੰਦੂ ਨੂੰ ਕੋਈ ਫਰਕ ਨਹੀ ਉਹ ਤੁਸੀਂ ਜਿਵੇਂ ਮਰਜੀ ਰਖੀ ਫਿਰੋ ਅਤੇ ਜੈ ਹਿੰਦ ਜੈ ਭਾਰਤ ਕਰੀ ਚਲੋ ਓਨਾ ਨੂੰ ਕੋਈ ਦੁਖ ਨਹੀ। ਪਰ ਓਹ ਦੁਖਦੇ ਓਦੋਂ ਨੇ ਜਦ ਤੁਸੀਂ ਇਕ ਵਖਰੀ ਕੌਮ ਹੋਣ ਦਾ ਦਾਅਵਾ ਕਰਦੇ ਹੋਂ। ਇਸ ਦਾਅਵੇ ਵੰਨੀ ਜਾਂਦਾ ਕੋਈ ਰਾਹ ਜਾਂ ਡੰਡੀ ਓਹ ਰੋਕ ਦੇਣਾ ਚਾਹੁੰਦੇ।ਬਾਬਾ ਜਰਨੈਲ ਸਿੰਘ ਵਾਰ ਵਾਰ ਕਿਓਂ ਕਹਿੰਦੇ ਰਹੇ ਕਿ ਜੇ ਹਿੰਦੂ ਅੰਦਰ ਬੇਈਮਾਨੀ ਨਹੀ ਤਾਂ ਓਹ ਸਿਖਾਂ ਨੂੰ ਵਖਰੀ ਕੌਮ ਹੋਣ ਦਾ ਐਲਾਨ ਕਰੇ। ਪਰ ਓਹ ਇਓਂ ਨਹੀ ਕਰ ਸਕਦੇ ਸਨ ਕਿਓਂਕਿ ਓਨਾ ਨੂੰ ਪਤੈ ਇਹ ਰਸਤਾ ਕਿਧਰ ਖੁਲਦਾ ਜਾ ਕੇ।

ਜਿਸ ਅਜਾਦੀ ਦੀ ਗਲ ਸਿਖ ਕਰਦਾ ਹੈ ਓਹ ਇਕ ਵਖਰੀ ਕੌਮ ਹੋਣ ਤੋਂ ਬਿਨਾ ਫਜ਼ੂਲ ਹੈ ਕਿਓਂਕਿ ਕੌਮ ਹੋਣ ਤੋਂ ਬਿਨਾ ਤੁਸੀਂ 'ਕੁਆਲੀਫਾਈ' ਹੀ ਨਹੀ ਕਰਦੇ ਇਹ ਗਲ ਰਖਣ ਦੀ ਕਿ ਤੁਸੀਂ ਅਜਾਦ ਹੋਣਾ ਚਾਹੁੰਦੇ ਹੋਂ। ਤੁਹਾਡਾ ਗ੍ਰੰਥ, ਪੰਥ, ਇਤਿਹਾਸ, ਰਹਿਬਰ, ਰਹਿਣ ਸਹਿਣ, ਖਾਣ ਪੀਣ ਹਿੰਦੂ ਨਾਲੋਂ ਵਖਰਾ ਹੈ। ਅਤੇ ਜਦ ਇਤਿਹਾਸਕ ਦਿਹਾੜੇ, ਪੁਰਬ, ਦਿਨ ਦਿਹਾੜੇ ਵਖਰੇ ਨੇ ਤਾਂ ਤੁਹਾਡਾ ਕਲੰਡਰ ਵਖਰਾ ਕਿਓਂ ਨਹੀ ਹੋਣਾ ਚਾਹੀਦਾ? ਅਤੇ ਇਹ ਗਲਾਂ ਤੁਹਾਨੂੰ 'ਕੁਆਲੀਫਾਈ' ਕਰਾਓਂਦੀਆਂ ਕਿ ਤੁਸੀਂ ਇਕ ਫਿਰਕਾ ਨਹੀ ਬਲਕਿ ਕੌਮ ਹੋ ਅਤੇ ਨਾਨਕਸ਼ਾਹੀ ਕਲੰਡਰ ਵੀ ਇਕ ਰੋਲ ਹੈ ਤੁਹਾਡੇ ਵਖਰੇ ਹੋਣ ਦਾ।

ਕਈ ਮਸਲੇ ਹੁੰਦੇ ਜਿੰਨਾ ਨੂੰ ਧੜਾ ਬਣਾ ਕੇ ਨਹੀ ਬਲਕਿ ਕੌਮ ਦਾ ਹਿਤ ਬਣਾ ਕੇ ਦੇਖਣਾ ਬਣਦਾ ਹੈ। ਨਾਨਕਸ਼ਾਹੀ ਕਲੰਡਰ ਨੂੰ ਮਿਸ਼ਨਰੀ ਜਾਂ ਡੇਰੇ ਬਣਾ ਕੇ ਨਾ ਦੇਖੋ ਕੌਮ ਬਣਾ ਕੇ ਦੇਖੋ।

ਸਾਡੇ ਦਿਨ ਦਿਹਾਰਾਂ ਤੋਂ ਬਿਨਾ ਇਸ ਗਲੇ ਵੀ ਫੋਕਸ ਕਰਨਾ ਬਣਦਾ ਕਿ ਡੇਰਿਆਂ ਤੋਂ ਬਿਨਾ ਪੰਡੀਏ ਕਿਆਂ ਦਾ ਵੀ ਇਨਾ ਜੋਰ ਕਿਓਂ ਲਗਾ ਰਿਹਾ ਕਿ ਨਾਨਕਸ਼ਾਹੀ ਕਲੰਡਰ ਨੂੰ ਰਦ ਕੀਤਾ ਜਾਏ। ਕਿਓਂਕਿ ਓਹ ਤੁਹਾਨੂੰ ਵਖਰੀ ਕੌਮ ਹੋਣਾ ਬਰਦਾਸ਼ਤ ਨਹੀ ਕਰ ਸਕਦੇ। ਕਿ ਸਕਦੇ?

**ਗੁਰਦੇਵ ਸਿੰਘ ਸੱਧੇਵਾਲੀਆ**






# ਲੰਮੀ ਹੋ ਰਹੀ ਜੰਗ



ਰੂਸ-ਯੂਕਰੇਨ ਜੰਗ ਵਿਚ ਨਵੀਂ ਤੇਜ਼ੀ ਆਈ ਹੈ। ਕੁਝ ਦਿਨਾਂ ਤੋਂ ਰੂਸ ਨੇ ਯੂਕਰੇਨ ਦੇ ਕੁਝ ਸ਼ਹਿਰਾਂ ਜਿਨ੍ਹਾਂ ਵਿਚ ਰਾਜਧਾਨੀ ਕੀਵ ਵੀ ਸ਼ਾਮਿਲ ਹੈ, 'ਤੇ ਮਿਜ਼ਾਈਲਾਂ ਨਾਲ ਹਮਲੇ ਤੇਜ਼ ਕੀਤੇ ਹਨ।ਰੂਸ ਨੇ ਯੂਕਰੇਨ ਦੇ ਵੱਖ ਵੱਖ ਸ਼ਹਿਰਾਂ 'ਤੇ 100 ਤੋਂ ਜ਼ਿਆਦਾ ਮਿਜ਼ਾਈਲ ਸੁੱਟੇ। ਇਸ ਜੰਗ ਵਿਚ ਯੂਕਰੇਨ ਦੇ ਸ਼ਹਿਰਾਂ ਤੇ ਕਸਬਿਆਂ ਦੀ ਵੱਡੀ ਤਬਾਹੀ ਹੋ ਰਹੀ ਹੈ। ਯੂਕਰੇਨ ਸਰਕਾਰ ਅਨੁਸਾਰ ਰੂਸੀ ਫ਼ੌਜ ਜਨਤਕ ਥਾਵਾਂ, ਹਸਪਤਾਲਾਂ, ਘਰਾਂ ਆਦਿ ਨੂੰ ਨਿਸ਼ਾਨਾ ਬਣਾ ਰਹੀ ਹੈ। ਯੂਕਰੇਨ ਨੇ ਖੇਰਸਨ ਸ਼ਹਿਰ ਰੂਸੀ ਫ਼ੌਜਾਂ ਤੋਂ ਆਜ਼ਾਦ ਕਰਵਾ ਲਿਆ ਸੀ ਪਰ ਬੀਤੇ ਦਿਨਾਂ ਵਿਚ ਰੂਸੀ ਫ਼ੌਜ ਨੇ ਮਿਜ਼ਾਈਲਾਂ ਰਾਹੀਂ ਇਸ 'ਤੇ ਫਿਰ ਵੱਡੇ ਹਮਲੇ ਕੀਤੇ ਹਨ।

ਯੂਕਰੇਨ ਨੇ ਦਸ ਨੁਕਾਤੀ ਅਮਨ ਯੋਜਨਾ ਪੇਸ਼ ਕੀਤੀ ਸੀ। ਇਨ੍ਹਾਂ ਵਿਚੋਂ ਮੁੱਖ ਨੁਕਤਾ ਇਹ ਸੀ ਕਿ ਰੂਸ ਯੂਕਰੇਨ ਦੀਆਂ ਹੱਦਾਂ ਨੂੰ ਮਾਨਤਾ ਦੇਵੇ ਅਤੇ ਕਬਜ਼ੇ ਵਿਚ ਲਏ ਯੂਕਰੇਨੀ ਇਲਾਕਿਆਂ ਵਿਚੋਂ ਆਪਣੀਆਂ ਫ਼ੌਜਾਂ ਵਾਪਸ ਕਰੇ। ਇਸ ਨੁਕਤੇ ਨੂੰ ਯੋਜਨਾ ਵਿਚ ਪੰਜਵੇਂ ਨੰਬਰ 'ਤੇ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਦੇ ਚਾਰ ਨੁਕਤੇ ਇਹ ਹਨ: ਪਰਮਾਣੂ ਊਰਜਾ ਪਲਾਂਟਾਂ ਦੀ ਸੁਰੱਖਿਆ ਨਿਸ਼ਚਿਤ ਕਰਨਾ, ਯੂਕਰੇਨ ਤੋਂ ਅਨਾਜ ਦੀ ਬਰਾਮਦ ਯਕੀਨੀ ਬਣਾਉਣਾ, ਯੂਕਰੇਨ ਦੇ ਊਰਜਾ ਖੇਤਰ ਨੂੰ ਸੁਰੱਖਿਅਤ ਕਰਨਾ (ਯੂਕਰੇਨ ਅਨੁਸਾਰ ਉਸ ਦੇ ਊਰਜਾ ਖੇਤਰ ਦਾ ਅੱਧਾ ਹਿੱਸਾ ਰੂਸ ਦੁਆਰਾ ਤਬਾਹ ਕੀਤਾ ਜਾ ਚੁੱਕਾ ਹੈ) ਅਤੇ ਸਾਰੇ ਕੈਦੀਆਂ ਨੂੰ ਰਿਹਾਅ ਕਰਨਾ। ਕੂਟਨੀਤਕ ਮਾਹਿਰਾਂ ਦਾ ਖਿਆਲ ਸੀ/ਹੈ ਕਿ ਜੇ ਪਹਿਲੇ ਚਾਰ ਮੁੱਦਿਆਂ 'ਤੇ ਗੱਲਬਾਤ ਸ਼ੁਰੂ ਹੋ ਜਾਂਦੀ ਤਾਂ ਉਸ ਨੂੰ ਅੱਗੇ ਵਧਾਇਆ ਜਾ ਸਕਦਾ ਸੀ/ਹੈ ਪਰ ਰੂਸ ਨੇ ਯੂਕਰੇਨ ਦੀ ਇਸ ਯੋਜਨਾ ਨੂੰ ਰੱਦ ਕਰ ਦਿੱਤਾ ਹੈ। ਰੂਸ ਅਨੁਸਾਰ ਯੂਕਰੇਨ ਨੂੰ 'ਨਵੀਆਂ ਜ਼ਮੀਨੀ ਹਕੀਕਤਾਂ' ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਰੂਸ ਅਨੁਸਾਰ ਇਨ੍ਹਾਂ ਜ਼ਮੀਨੀ ਹਕੀਕਤਾਂ ਵਿਚੋਂ ਸਭ ਤੋਂ ਬੁਨਿਆਦੀ ਇਹ ਹੈ ਕਿ ਯੂਕਰੇਨ ਪੂਰਬ ਵਿਚ ਲੁਹਾਂਸਕ ਤੇ ਦੋਨੇਸਕ ਅਤੇ ਦੱਖਣ ਵਿਚ ਖੇਰਸਨ ਤੇ ਜਪਾਰੋਜਿਆ ਖੇਤਰਾਂ 'ਤੇ ਰੂਸ ਦੇ ਕਬਜ਼ੇ ਨੂੰ ਸਵੀਕਾਰ ਕਰ ਲਵੇ। ਰੂਸ ਨੇ ਦੱਖਣ ਵਿਚ ਕ੍ਰਾਇਮੀਆ ਖੇਤਰ 'ਤੇ 2014 ਵਿਚ ਕਬਜ਼ਾ ਕਰ ਲਿਆ ਸੀ। ਯੂਕਰੇਨ ਨੇ ਇਹ ਮੰਗ ਵੀ ਕੀਤੀ ਹੈ ਕੀ ਰੂਸ ਇਹ ਸਾਰੇ ਖੇਤਰ ਖਾਲੀ ਕਰਨ ਦੇ ਨਾਲ ਨਾਲ ਯੂਕਰੇਨ ਨੂੰ ਮੁਆਵਜ਼ਾ ਦੇਵੇ। ਰੂਸ ਨੇ ਯੂਕਰੇਨ ਦੀ ਇਸ ਮੰਗ ਨੂੰ ਪੱਛਮੀ ਦੇਸ਼ਾਂ ਦੀ ਹਮਾਇਤ ਨਾਲ ਬਣਾਇਆ ਗਿਆ 'ਹਵਾਈ ਖ਼ਿਆਲ' ਦੱਸਿਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਰੂਸ ਹਮਲਾਵਰ ਦੇਸ਼ ਹੈ ਪਰ ਇਸ ਦੇ ਨਾਲ ਨਾਲ ਇਹ ਵੀ ਹਕੀਕਤ ਹੈ ਕਿ ਜੰਗਾਂ ਦਾ ਖ਼ਾਤਮਾ ਕਿਸੇ ਆਦਰਸ਼ ਤਰੀਕੇ ਨਾਲ ਨਹੀਂ ਹੁੰਦਾ। ਦੋਹਾਂ ਦੇਸ਼ਾਂ ਦਾ ਇਤਿਹਾਸ ਕਾਫ਼ੀ ਜਟਿਲ ਹੈ ਅਤੇ ਯੂਕਰੇਨ ਕਈ ਬਾਦਸ਼ਾਹਤਾਂ ਦਾ ਹਿੱਸਾ ਰਿਹਾ ਹੈ। ਇਹ ਜੰਗ ਦੀ ਹੋਣੀ ਇਸ ਖੇਤਰ ਦੀ ਇਤਿਹਾਸਕ ਜਟਿਲਤਾ ਨਾਲ ਜੁੜੀ ਹੋਈ ਹੈ। ਪਿਛਲੇ ਕੁਝ ਦਿਨਾਂ ਵਿਚ ਇਹ ਗੱਲ ਵੀ ਉੱਭਰੀ ਸੀ ਕਿ ਭਾਰਤ ਇਸ ਜੰਗ ਨੂੰ ਖ਼ਤਮ ਕਰਵਾਉਣ ਵਿਚ ਭੂਮਿਕਾ ਅਦਾ ਕਰ ਸਕਦਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਯੂਕਰੇਨ ਦੇ ਰਾਸ਼ਟਰਪਤੀ ਜ਼ੈਲਿੰਸਕੀ ਨਾਲ ਟੈਲੀਫ਼ੋਨ ਰਾਹੀਂ ਗੱਲਬਾਤ ਵੀ ਹੋਈ ਹੈ। ਇਸ ਸਭ ਕੁਝ ਵਿਚ ਸਭ ਤੋਂ ਚਿੰਤਾਜਨਕ ਪੱਖ ਇਹ ਹੈ ਕਿ ਅਮਰੀਕਾ ਨੇ ਯੂਕਰੇਨ ਦੀ ਵੱਡੀ ਪੱਧਰ 'ਤੇ ਫ਼ੌਜੀ ਮਦਦ ਕਰਨ ਦਾ ਵਾਅਦਾ ਕੀਤਾ ਹੈ ਜਿਸ ਕਾਰਨ ਉਲਝਣਾਂ ਵਧਣਗੀਆਂ। ਇਸ ਜੰਗ ਨੇ ਸੰਯੁਕਤ ਰਾਸ਼ਟਰ ਤੇ ਅੰਤਰਰਾਸ਼ਟਰੀ ਭਾਈਚਾਰੇ ਦੇ ਪ੍ਰਭਾਵਸ਼ਾਲੀ ਹੋਣ ਦੇ ਦਾਅਵਿਆਂ ਨੂੰ ਵੀ ਨਕਾਰਿਆ ਹੈ। ਰੂਸ ਤੇ ਚੀਨ ਦੀ ਸਾਂਝ ਵਧੀ ਹੈ ਜਿਸ ਦਾ ਜ਼ਿਆਦਾ ਫ਼ਾਇਦਾ ਚੀਨ ਨੂੰ ਹੋਵੇਗਾ। ਇਹ ਸਹੀ ਹੈ ਕਿ ਨਾ ਤਾਂ ਰੂਸ ਅਤੇ ਨਾ ਹੀ ਚੀਨ ਅਮਰੀਕਾ ਜਿਹੀ ਵਿਸ਼ਵ ਸ਼ਕਤੀ ਬਣ ਸਕਦੇ ਹਨ ਪਰ ਇਸ ਜੰਗ ਨੇ ਇਹ ਜ਼ਰੂਰ ਸਿੱਧ ਕੀਤਾ ਹੈ ਕਿ ਵਿਸ਼ਵ ਸ਼ਕਤੀ ਹੋਣ ਦੇ ਬਾਵਜੂਦ ਅਮਰੀਕਾ ਆਪਣੀ ਮਰਜ਼ੀ ਰੂਸ ਤੇ ਚੀਨ 'ਤੇ ਨਹੀਂ ਥੋਪ ਸਕਦਾ ਅਤੇ ਉਹ (ਰੂਸ ਤੇ ਚੀਨ) ਅਮਰੀਕਾ ਅਤੇ ਨਾਟੋ ਦੁਆਰਾ ਆਪਣੇ ਫ਼ੌਜੀ ਪ੍ਰਭਾਵ ਨੂੰ ਵਧਾਉਣ ਦੇ ਯਤਨਾਂ ਦਾ ਪੂਰੀ ਟਿੱਲ ਲਾ ਕੇ ਵਿਰੋਧ ਕਰਨਗੇ। ਵਿਸ਼ਵ ਭਾਈਚਾਰੇ ਨੂੰ ਚਾਹੀਦਾ ਹੈ ਕਿ ਜ਼ਮੀਨੀ ਹਕੀਕਤਾਂ ਦੇ ਮੱਦੇਨਜ਼ਰ ਸਭ ਤੋਂ ਪਹਿਲਾਂ ਨਿਸ਼ਾਨਾ ਜੰਗਬੰਦੀ ਕਰਵਾਉਣਾ ਹੋਣਾ ਚਾਹੀਦਾ ਹੈ ਤਾਂ ਕਿ ਯੂਕਰੇਨ ਵਿਚ ਹੋਣ ਵਾਲੀ ਤਬਾਹੀ ਨੂੰ ਰੋਕਿਆ ਜਾ ਸਕੇ।

# ਮੰਤਰੀਆਂ ਦੇ ਬੋਲਣ 'ਤੇ ਬਹੁਤੀ ਰੋਕ ਲਾਉਣ ਤੋਂ ਸੁਪਰੀਮ ਕੋਰਟ ਦੀ ਨਾਂਹ

ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਮੰਤਰੀਆਂ, ਸਾਂਸਦਾਂ ਤੇ ਵਿਧਾਇਕਾਂ ਦੀ ਬੋਲਣ ਦੀ ਆਜ਼ਾਦੀ ਉੱਤੇ ਜ਼ਿਆਦਾ ਪਾਬੰਦੀ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ।ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਮੰਗਲਵਾਰ ਕਿਹਾ ਕਿ ਇਸ ਲਈ ਸੰਵਿਧਾਨ ਦੇ ਆਰਟੀਕਲ 19 (2) ਵਿਚ ਜ਼ਰੂਰੀ ਪ੍ਰਾਵਧਾਨ ਮੌਜੂਦ ਹੈ।ਸਮੂਹਕ ਜ਼ਿੰਮੇਵਾਰੀ ਦੇ ਸਿਧਾਂਤ ਨੂੰ ਲਾਗੂ ਕਰਨ ਦੇ ਬਾਵਜੂਦ ਕਿਸੇ ਮੰਤਰੀ ਦੇ ਬਿਆਨ ਨੂੰ ਅਸਿੱਧੇ ਤੌਰ 'ਤੇ ਸਰਕਾਰ ਨਾਲ ਨਹੀਂ ਜੋੜਿਆ ਜਾ ਸਕਦਾ।

ਇਸ ਲਈ ਮੰਤਰੀ ਹੀ ਜ਼ਿੰਮੇਵਾਰ ਮੰਨਿਆ ਜਾਵੇ।ਜਸਟਿਸ ਐੱਸ ਏ ਨਜ਼ੀਰ ਦੀ ਅਗਵਾਈ ਵਾਲੀ ਬੈਂਚ 'ਚ ਜਸਟਿਸ ਬੀ ਆਰ ਗਵਈ, ਜਸਟਿਸ ਏ ਐੱਸ ਬੋਪੰਨਾ, ਜਸਟਿਸ ਵੀ ਰਾਮਸੁਬਰਾਮਨੀਅਮ ਤੇ ਬੀ ਵੀ ਨਾਗਾਰਤਨਾ ਵੀ ਸ਼ਾਮਲ ਸਨ।


So Easy

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ










ਅਸੀਂ ਸਿਟੀਜਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ

LUCKY'S A to Z DRIVING SCHOOL

Lucky 604-614-5365

Unit 15 - 8388 128 St., Surrey

Open 24 Hours 7 Days a Week

ATLAS
ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਸਰਦਾਰ ਬੰਨਾ ਸਿੰਘ:1987 ਦੇ ਸਿਆਚਿਨ ਸੰਘਰਸ਼ ਦਾ ਹੀਰੋ



ਇਸ ‘ਤੇ ਗੱਲਬਾਤ ਬੰਦ ਹੋ ਗਈ ਹੈ ਅਤੇ ਇਸ ‘ਤੇ ਭਾਰਤ ਅਤੇ ਪਾਕਿਸਤਾਨ ਨੂੰ ਸਦਭਾਵਨਾ ਦੇ ਸੰਕੇਤ ਅਤੇ ਵਿਸ਼ਵਾਸ ਪੈਦਾ ਕਰਨ ਵਾਲੇ ਉਪਾਅ ਵਜੋਂ ਦੁਨੀਆ ਦੇ ਸਭ ਤੋਂ ਉੱਚੇ ਯੁੱਧ ਦੇ ਮੈਦਾਨ, ਸਿਆਚਿਨ ਤੋਂ ਆਪਣੀਆਂ ਫੌਜਾਂ ਨੂੰ ਵਾਪਸ ਬੁਲਾ ਲੈਣਾ ਚਾਹੀਦਾ ਹੈ, ਜੋ ਆਖਰਕਾਰ ਦੋਵਾਂ ਪ੍ਰਮਾਣੂ ਹਥਿਆਰਬੰਦ ਗੁਆਂਢੀਆਂ ਦੇ ਸਬੰਧਾਂ ਵਿੱਚ ਤਰੇੜ ਲਿਆ ਸਕਦਾ ਹੈ।ਇਸ ਨੂੰ ਪਾਕਿਸਤਾਨ ਦੁਆਰਾ “ਘੱਟ ਲਟਕਣ ਵਾਲਾ ਫਲ” ਦੱਸਿਆ ਗਿਆ ਹੈ, ਜਿਸ ਨੂੰ ਕਸ਼ਮੀਰ ਮੁੱਦੇ ਦੇ ਅੰਤਮ ਹੱਲ ਤੋਂ ਤੁਰੰਤ ਪਹਿਲਾਂ ਚੁਣਿਆ ਜਾਣਾ ਚਾਹੀਦਾ ਹੈ।ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਪਾਕਿਸਤਾਨ ਨਾਲ ਭਾਰਤ ਦਾ ਵਿਵਾਦ ਖੇਤਰੀ ਹੈ। ਖੇਤਰੀ ਵਿਵਾਦਾਂ ਦੇ ਕਿਸੇ ਵੀ ਅੰਤਮ ਹੱਲ ਵਿੱਚ, ਕਿਸੇ ਦੇ ਦਾਅਵਿਆਂ ਨੂੰ ਮਜ਼ਬੂਤ ਕਰਨ ਲਈ ਗੱਲਬਾਤ ਦੌਰਾਨ ਕਿਸੇ ਦੇ ਨਿਯੰਤਰਣ ਵਿੱਚ “ਵਿਵਾਦਿਤ” ਖੇਤਰ ਦਾ ਕਬਜ਼ਾ ਇੱਕ ਬਹੁਤ ਵੱਡਾ “ਰਣਨੀਤਕ ਫਾਇਦਾ” ਹੈ। ਕੀ ਭਾਰਤ ਨੂੰ ਸਿਆਚਿਨ ਵਿੱਚ ਇਹ ਫਾਇਦਾ ਛੱਡ ਦੇਣਾ ਚਾਹੀਦਾ ਹੈ? ਨਹੀਂ ਹੋ ਸਕਦਾ.

ਪਾਕਿਸਤਾਨ ਦੇ ਨਾਲ ਭਾਰਤ ਦਾ ਇਤਿਹਾਸ ਅਜਿਹਾ ਰਿਹਾ ਹੈ ਕਿ ਆਤਮ ਸਮਰਪਣ ਕਰਨ ਦਾ ਕੋਈ ਲੋੜੀਂਦਾ ਨਤੀਜਾ ਨਹੀਂ ਨਿਕਲਿਆ ਹੈ। ਭਾਰਤ ਨੇ ਸ਼ਿਮਲਾ ਸਮਝੌਤੇ ਤੋਂ ਬਾਅਦ 1972 ਦੇ 96000 ਪਾਕਿਸਤਾਨੀ ਜੰਗੀ ਕੈਦੀਆਂ ਨੂੰ ਇਸ ਉਮੀਦ ਨਾਲ ਰਿਹਾ ਕੀਤਾ ਕਿ ਪਾਕਿਸਤਾਨ ਆਖਰਕਾਰ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਨੂੰ ਅੰਤਰਰਾਸ਼ਟਰੀ ਸਰਹੱਦ ਵਿੱਚ ਤਬਦੀਲ ਕਰਨ ਲਈ ਸਹਿਮਤ ਹੋ ਜਾਵੇਗਾ ਪਰ ਅਜਿਹਾ ਨਹੀਂ ਹੋਇਆ।

ਭਾਰਤ ਨੇ 1965 ਦੀ ਜੰਗ ਵਿੱਚ ਹਾਜੀਪੀਰ ਪਾਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ। ਜੇਕਰ ਇਹ ਭਾਰਤ ਕੋਲ ਰਹਿੰਦਾ, ਤਾਂ ਪਾਕਿਸਤਾਨ ਦੇ ਸਿਖਲਾਈ ਪ੍ਰਾਪਤ ਗੁਰੀਲਿਆ ਨੂੰ ਕਸ਼ਮੀਰ ਘਾਟੀ ਵਿੱਚ ਤਬਾਹੀ ਮਚਾਉਣ ਲਈ ਸਰਹੱਦ ਪਾਰ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ।

ਭਾਰਤ ਲਈ ਸਿਆਚਿਨ ਤੋਂ ਪਿੱਛੇ ਹਟਣਾ ਇੱਕ ਵੱਡੀ ਰਣਨੀਤਕ ਗਲਤੀ ਹੋਵੇਗੀ, ਬਹੁਤ ਸਾਰੇ ਦਲੀਲ ਦਿੰਦੇ ਹਨ। ਉੱਤਰੀ ਸੈਨਾ ਦੇ ਸਾਬਕਾ ਕਮਾਂਡਰ ਲੈਫਟੀਨੈਂਟ ਜਨਰਲ ਡੀਐਸ ਹੁੱਡਾ ਕਹਿੰਦੇ ਹਨ, ਪੂਰਬੀ ਲੱਦਾਖ ਵਿੱਚ ਚੀਨੀ ਹਮਲੇ ਨਾਲ, ਅੱਜ ਸਥਿਤੀ ਅਸਲ ਵਿੱਚ ਵੱਖਰੀ ਹੈ। “ਸਿਆਚਿਨ ਸੈਕਟਰ ਨੂੰ ਪੱਛਮ ਅਤੇ ਪੂਰਬ ਦੋਵਾਂ ਤੋਂ ਖਤਰਿਆਂ ਦਾ ਸਾਹਮਣਾ ਕਰਨ ਦੇ ਨਾਲ, ਸਿਆਚਿਨ ਤੋਂ ਕਿਸੇ ਵੀ ਤਰ੍ਹਾਂ ਦੇ ਵੱਖ ਹੋਣ ਦਾ ਸ਼ਾਇਦ ਸਵਾਲ ਹੀ ਪੈਦਾ ਨਹੀਂ ਹੁੰਦਾ”,

ਸਿਆਚਿਨ ਦੀਆਂ ਬਰਫੀਲੀਆਂ ਉਚਾਈਆਂ ਨੂੰ ਹਾਸਲ ਕਰਨ ਲਈ ਨਾਇਬ ਸੂਬੇਦਾਰ ਬੰਨਾ ਸਿੰਘ ਨੇ ਆਪਣੀ ਜਾਨ ਦੀ ਲੜਾਈ ਲੜੀ। ਪਰਮਵੀਰ ਚੱਕਰ (ਰਾਸ਼ਟਰ ਦੇ ਸਭ ਤੋਂ ਉੱਚੇ ਫੌਜੀ ਸਨਮਾਨ) ਦੇ ਭਾਰਤ ਦੇ ਸਿਰਫ ਤਿੰਨ ਜੀਵਿਤ ਜੇਤੂਆਂ ਵਿੱਚੋਂ ਇੱਕ, ਸ.ਬੰਨਾ ਸਿੰਘ ਨੂੰ ਦਿੱਤਾ ਗਿਆ ।1970 ਦੇ ਦਹਾਕੇ ਵਿੱਚ, ਪਾਕਿਸਤਾਨ ਨੇ ਵਿਦੇਸ਼ੀ ਪਰਬਤਾਰੋਹੀਆਂ ਨੂੰ ਸਿਆਚਿਨ ਗਲੇਸ਼ੀਅਰ ਦੇ ਆਲੇ-ਦੁਆਲੇ ਚੜ੍ਹਨ ਲਈ ਪਰਮਿਟ ਦੇਣਾ ਸ਼ੁਰੂ ਕਰ ਦਿੱਤਾ ਸੀ, ਇਹ ਪ੍ਰਭਾਵ ਪੈਦਾ ਕਰਨ ਦੇ ਇਰਾਦੇ ਨਾਲ ਕਿ ਇਹ ਖੇਤਰ ਪਾਕਿਸਤਾਨੀ ਖੇਤਰ ਹੈ। 1980 ਦੇ ਦਹਾਕੇ ਤੱਕ, ਇਹ ਆਪਣੇ ਦਾਅਵੇ ਨੂੰ ਮਜ਼ਬੂਤ ਕਰਨ ਲਈ ਦ੍ਰਿੜ ਹੋ ਗਿਆ ਸੀ।

ਭਾਰਤੀ ਖੁਫੀਆ ਏਜੰਸੀ ਨੂੰ 1984 ਵਿੱਚ ਲੰਡਨ ਵਿੱਚ ਪਾਕਿਸਤਾਨੀ ਫੌਜ ਦੁਆਰਾ ਕੀਤੀਆਂ ਗਈਆਂ ਕੁਝ ਦਿਲਚਸਪ ਖਰੀਦਾਂ ਬਾਰੇ ਪਤਾ ਲੱਗਾ ਕਿ ਉਹ ਵਿਸ਼ੇਸ਼ ਪਹਾੜੀ ਕਪੜਿਆਂ ਦੇ ਥੋਕ ਆਰਡਰ ਦੇ ਰਿਹਾ ਹੈ।

ਰਣਨੀਤਕ ਖਤਰੇ ਨੂੰ ਪਛਾਣਦੇ ਹੋਏ, ਭਾਰਤ ਨੇ ਇਕ ਹਫਤੇ ਵਿਚ ਪਾਕਿਸਤਾਨ ਨੂੰ ਹਰਾਉਂਦੇ ਹੋਏ, ਗਲੇਸ਼ੀਅਰ ਅਤੇ ਸਲਟੋਰੋ ਰੇਂਜ ਵਿਚ ਗੁਆਂਢੀ ਚੋਟੀਆਂ ਦੇ ਕੰਟਰੋਲ ਲਈ ਤੁਰੰਤ ਸਿਆਚਿਨ ਵਿਚ ਸੈਨਿਕਾਂ ਨੂੰ ਰਵਾਨਾ ਕੀਤਾ।

ਤਿੰਨ ਸਾਲ ਬਾਅਦ, ਇੱਕ ਸਮੇਂ ਜਦੋਂ ਭਾਰਤ ਪਹਿਲਾਂ ਹੀ ਤਿੱਬਤ ਵਿੱਚ ਆਪਣੀ ਉੱਤਰੀ ਸਰਹੱਦ ‘ਤੇ ਗੰਭੀਰ ਮੁਸੀਬਤ ਨਾਲ ਨਜਿੱਠਣ ਵਿੱਚ ਰੁੱਝਿਆ ਹੋਇਆ ਸੀ ਤਾਂ ਪਾਕਿਸਤਾਨ ਨੇ ਸਿਆਚਿਨ ਨੇੜੇ ਭਾਰਤੀਆਂ ਨੂੰ ਉਨ੍ਹਾਂ ਦੇ ਟਿਕਾਣਿਆਂ ਤੋਂ ਹਟਾਉਣ ਲਈ ਇੱਕ ਵੱਡਾ ਹਮਲਾ ਸ਼ੁਰੂ ਕੀਤਾ।

ਇੱਕ ਗੁਪਤ ਘੁਸਪੈਠ ਦੁਆਰਾ, ਪਾਕਿਸਤਾਨ ਇੱਕ ਪੋਸਟ ਸਥਾਪਤ ਕਰਨ ਵਿੱਚ ਸਫਲ ਹੋ ਗਿਆ - ਇੰਨਾ ਮਹੱਤਵਪੂਰਣ ਹੈ ਕਿ ਇਸਦਾ ਨਾਮ ਉਸਦੇ ਕਾਇਦ-ਏ-ਆਜ਼ਮ, ਮੁਹੰਮਦ ਅਲੀ ਜਿਨਾਹ ਦੇ ਨਾਮ ਉੱਤੇ ਰੱਖਿਆ ਗਿਆ ਸੀ।ਪਾਕਿਸਤਾਨ ਨੇ ਹੈਲੀਕਾਪਟਰ ਦੀਆਂ ਹਰਕਤਾਂ ਦੀ ਨਿਗਰਾਨੀ ਕਰਨੀ ਸ਼ੁਰੂ ਕਰ ਦਿੱਤੀ, ਭਾਰਤ ਦੀਆਂ ਸਪਲਾਈ ਲਾਈਨਾਂ ‘ਤੇ ਤੋਪਖਾਨੇ ਨੂੰ ਅੱਗ ਲਗਾਉਣੀ ਅਤੇ ਭਾਰਤੀ ਗਸ਼ਤੀ ਟੁਕੜੀਆਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ।

ਮਈ 1987 ਵਿੱਚ ਲੈਫਟੀਨੈਂਟ ਰਾਜੀਵ ਪਾਂਡੇ ਦੀ ਅਗਵਾਈ ਵਿੱਚ ਇੱਕ ਜਾਸੂਸੀ ਗਸ਼ਤ ਨੂੰ ਪਾਕਿਸਤਾਨੀਆਂ ਦੁਆਰਾ ਗੋਲੀ ਮਾਰ ਦਿੱਤੀ ਗਈ ਸੀ, ਜਿਸ ਵਿੱਚ ਨੌ ਸੈਨਿਕ ਮਾਰੇ ਗਏ ਸਨ ਅਤੇ ਸਿਰਫ ਤਿੰਨ ਬਚੇ ਸਨ। ਉਨ੍ਹਾਂ ਦੀਆਂ ਲਾਸ਼ਾਂ ਕੁਝ ਹਫ਼ਤਿਆਂ ਬਾਅਦ ਹੀ ਬਰਾਮਦ ਕੀਤੀਆਂ ਜਾਣਗੀਆਂ।

ਇੱਕ ਮਹੀਨੇ ਬਾਅਦ, 8 ਜੇਏਕੇ ਐਲਆਈ ਬਟਾਲੀਅਨ ਦੇ ਮੇਜਰ ਵਰਿੰਦਰ ਸਿੰਘ ਨੂੰ ਚੁਣੇ ਹੋਏ ਸੈਨਿਕਾਂ ਦੀ ਇੱਕ ਕੰਪਨੀ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।23 ਜੂਨ ਨੂੰ, ਸਮੂਹ ਨੇ ਸਵੇਰੇ 8 ਵਜੇ ਆਪਣੀ ਅਸਥਿਰ ਚੜ੍ਹਾਈ ਸ਼ੁਰੂ ਕੀਤੀ ਪਰ ਮੌਸਮ ਦੇ ਹਾਲਾਤ ਇੰਨੇ ਖ਼ਰਾਬ ਸਨ ਕਿ ਉਹ ਅਗਲੀ ਸਵੇਰ 4 ਵਜੇ ਤੱਕ 90-ਡਿਗਰੀ ਢਲਾਨ ਦੇ ਸਿਰਫ਼ 150 ਮੀਟਰ ਨੂੰ ਕਵਰ ਕਰਨ ਵਿੱਚ ਕਾਮਯਾਬ ਰਹੇ। ਪਾਰਟੀ ਨੂੰ ਵਾਪਸ ਜਾਣ ਲਈ ਕਿਹਾ ਗਿਆ ਪਰ ਸਿਪਾਹੀਆਂ ਨੇ ਪਿੱਛੇ ਹਟਣ ਦਾ ਫੈਸਲਾ ਨਹੀਂ ਕੀਤਾ। ਉਹ ਜਾਣਦੇ ਸਨ ਕਿ ਜੇ ਉਹ ਮਿਥੇ ਮਿਸ਼ਾਨੇ ਤੇ ਨਹੀਂ ਪਹੁੰਚੇ, ਤਾਂ ਕੋਈ ਵੀ ਆਦਮੀ ਵਾਪਸ ਨਹੀਂ ਆਵੇਗਾ। ਸੂਬੇਦਾਰ ਹਰਨਾਮ ਸਿੰਘ ਅਤੇ ਉਸ ਦੀ ਛੋਟੀ ਜਿਹੀ ਪਾਰਟੀ ਸਭ ਤੋਂ ਪਹਿਲਾਂ ਲੀਡ ਹਮਲੇ ਲਈ ਭੇਜੀ ਗਈ ਸੀ ਪਰ ਕਾਇਦ ਪੋਸਟ ਤੋਂ ਭਾਰੀ ਗੋਲੀਬਾਰੀ ਵਿਚ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ। ਇਸ ਤੋਂ ਬਾਅਦ ਸੂਬੇਦਾਰ ਸੰਸਾਰ ਚੰਦ ਨੂੰ ਇਕ ਹੋਰ ਛੋਟੀ ਪਾਰਟੀ ਨਾਲ ਭੇਜਿਆ ਗਿਆ ਪਰ ਜਲਦੀ ਹੀ ਉਸ ਨਾਲ ਸੰਪਰਕ ਟੁੱਟ ਗਿਆ।ਇਹ ਉਦੋਂ ਸੀ ਜਦੋਂ ਨਾਇਬ ਸੂਬੇਦਾਰ ਬੰਨਾ ਸਿੰਘ ਨੂੰ ਮੇਜਰ ਵਰਿੰਦਰ ਸਿੰਘ (ਜਿਸ ਨੂੰ ਅਪਰੇਸ਼ਨ ਦੌਰਾਨ ਪਹਿਲਾਂ ਸੀਨੇ ਵਿੱਚ ਗੋਲੀ ਲੱਗੀ ਸੀ) ਨੇ ਦੋ ਹੋਰ ਸਿਪਾਹੀਆਂ ਸਮੇਤ, ਮੁੱਖ ਹਮਲੇ ਲਈ ਚੁਣਿਆ ਸੀ। ਹਾਲਾਂਕਿ, ਜਦੋਂ ਦੋਵਾਂ ਸਿਪਾਹੀਆਂ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ, ਤਾਂ ਬੰਨਾ ਸਿੰਘ ਪੂਰਾ ਦਿਨ ਇੱਕ ਆੜ ਵਿੱਚ ਬੈਠੇ ਰਹੇ ਦੂਸਰੇ ਦਿਨ ਪੰਜ ਹੋਰ ਸਿਪਾਹੀਆਂ ਦੀ ਟੁਕੜੀ ਪਹੁੰਚ ਗਈ।

ਸੂਬੇਦਾਰ ਬੰਨਾ ਸਿੰਘ ਦੀ ਛੋਟੀ ਪਾਰਟੀ ਨੇ ਬਰਫ਼ਬਾਰੀ ਵਿੱਚ ਅੱਗੇ ਵੱਧਣਾਂ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਰਸਤੇ ਵਿੱਚ ਨੌਂ ਸਾਥੀਆਂ ਦੀਆਂ ਜੰਮੀਆਂ ਹੋਈਆਂ ਲਾਸ਼ਾਂ ਮਿਲੀਆਂ। ਪਰ ਉਹ ਨਹੀਂ ਰੁਕੇ ਅਤੇ ਹੋਰ ਵੀ ਦ੍ਰਿੜ ਇਰਾਦੇ ਨਾਲ, ਉਹ ਸਿਖਰ ‘ਤੇ ਦੁਸ਼ਮਣ ਦੇ ਬੰਕਰਾਂ ਤੱਕ ਪਹੁੰਚਣ ਲਈ ਲਗਾਤਾਰ ਅਤੇ ਚੁਪਚਾਪ ਚੜ੍ਹਦੇ ਰਹੇ।ਬੰਨਾ ਸਿੰਘ ਅਤੇ ਉਸਦੇ ਆਦਮੀਆਂ ਨੇ ਹਰ ਇੱਕ ਪੋਸਟ ਨੂੰ ਖਤਮ ਕਰਨ ਲਈ ਇੱਕ ਸ਼ਾਨਦਾਰ ਹਮਲਾ ਕੀਤਾ।ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਸਿੰਘ ਅਤੇ ਉਸਦੇ ਆਦਮੀਆਂ ਨੇ ਫਾਇਰ ਜ਼ੋਨ ਰਾਹੀਂ ਦੁਸ਼ਮਣ ‘ਤੇ ਗੋਲੀਬਾਰੀ ਅਤੇ ਗ੍ਰੇਨੇਡ ਸੁੱਟੇ। ਹੱਥੋ-ਹੱਥ ਲੜਾਈ ਦੀ ਵਰਤੋਂ ਵੀ ਕੀਤੀ।ਬੰਨਾ ਸਿੰਘ ਨੇ ਬੰਕਰ ਵਿੱਚ ਗ੍ਰਨੇਡ ਸੁੱਟੇ, ਜਿਸ ਨਾਲ ਅੰਦਰ ਛੁਪੇ ਛੇ ਪਾਕਿਸਤਾਨੀ ਸੈਨਿਕ ਮਾਰੇ ਗਏ ਅਤੇ ਸਾਰੇ ਘੁਸਪੈਠੀਆਂ ਨੇ ਚੌਕੀ ਖਾਲੀ ਕਰ ਦਿੱਤੀ। ਬਾਅਦ ਵਿੱਚ ਪਤਾ ਲੱਗਾ ਕਿ ਦੁਸ਼ਮਣ ਦੇ ਸਿਪਾਹੀ ਪਾਕਿਸਤਾਨ ਦੇ ਕੁਲੀਨ ਸਪੈਸ਼ਲ ਸਰਵਿਸਿਜ਼ ਗਰੁੱਪ ਦੀ ਸ਼ਾਹੀਨ ਕੰਪਨੀ ਨਾਲ ਸਬੰਧਤ ਸਨ।ਭਾਰਤੀ ਸਿਪਾਹੀਆਂ ਨੇ ਤੋਪਾਂ (ਜੋ ਕਿ ਭਾਰਤ ਵੱਲ ਦੱਖਣੀ ਦਿਸ਼ਾ ਵੱਲ ਨਿਸ਼ਾਨਾ ਸਨ) ਨੂੰ ਉੱਤਰ ਵਿੱਚ ਪਾਕਿਸਤਾਨ ਵੱਲ ਮੋੜ ਦਿੱਤਾ।ਫਿਰ ਉਨ੍ਹਾਂ ਨੇ ਬੰਕਰ ਵਿੱਚ ਪਾਕਿਸਤਾਨੀ ਸਟੋਵ ਦੀ ਵਰਤੋਂ ਕੁਝ ਚੌਲ ਬਣਾਉਣ ਲਈ ਕੀਤੀ ਤਿੰਨ ਦਿਨਾਂ ਵਿੱਚ ਉਨਾ ਦਾ ਇਹ ਪਹਿਲਾ ਭੋਜਨ ਸੀ। ਜਿਵੇਂ ਕਿ ਬੰਨਾ ਸਿੰਘ ਨੇ ਉਨਾਂ ਪਲਾਂ ਨੂੰ ਯਾਦ ਕਰਦਿਆਂ ਕਿਹਾ ਕਿ , “ਸਾਡੇ ਵਿੱਚ ਜਸ਼ਨ ਮਨਾਉਣ ਦੀ ਤਾਕਤ ਨਹੀਂ ਸੀ। 21,000 ਫੁੱਟ ਦੀ ਉਚਾਈ ‘ਤੇ, ਕੋਈ ਵੀ ਭੰਗੜਾ ਨਹੀਂ ਪਾਉਂਦਾ ਅਤੇ ਨਾ ਹੀ ਚੀਕਾਂ ਮਾਰਦਾ ਹੈ। ਜੇਕਰ ਅਸੀਂ ਇੱਕ ਵਾਰ ਝਿਜਕਦੇ, ਉਹ ਪੋਸਟ ਅੱਜ ਵੀ ਪਾਕਿਸਤਾਨ ਦੇ ਅਧੀਨ ਹੁੰਦੀ।26 ਜੂਨ 1987 ਦੀ ਸ਼ਾਮ 5 ਵਜੇ ਤੱਕ ਬੰਨਾ ਸਿੰਘ ਅਤੇ ਉਸ ਦੀ ਟੀਮ ਨੇ ਕਾਇਦ ਪੋਸਟ ‘ਤੇ ਭਾਰਤੀ ਝੰਡਾ ਉੱਚਾ ਲਹਿਰਾ ਰਿਹਾ ਦਿੱਤਾ।“ਬਹੁਤ ਮੁਸ਼ਕਲ ਹਾਲਤਾਂ ਵਿੱਚ ਸ਼ਾਨਦਾਰ ਬਹਾਦਰੀ ਅਤੇ ਅਗਵਾਈ” ਲਈ,ਸੂਬੇਦਾਰ ਬੰਨਾ ਸਿੰਘ ਨੂੰ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ।ਬਾਅਦ ਵਿੱਚ ਉਨ੍ਹਾਂ ਨੂੰ ਕੈਪਟਨ ਦਾ ਆਨਰੇਰੀ ਰੈਂਕ ਦਿੱਤਾ ਗਿਆ। -ਦਿ ਰਾਈਜ਼ਿੰਗ ਪੰਜਾਬ ਬਿਊਰੋ

## ਨੋਟਬੰਦੀ ‘ਗੈਰ-ਕਾਨੂੰਨੀ’ਸੀ:ਸੁਪਰੀਮ ਕੋਰਟ ਦੇ ਜੱਜ ਨੇ ਪਾਈ ਝਾੜ?

ਨਵੀਂ ਦਿੱਲੀ-ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਬਹੁਮਤ ਦੇ ਆਧਾਰ ‘ਤੇ 2016 ‘ਚ 500 ਅਤੇ 1000 ਰੁਪਏ ਦੇ ਨੋਟਾਂ ‘ਤੇ ਪਾਬੰਦੀ ਲਗਾਉਣ ਦੇ ਫੈਸਲੇ ਨੂੰ ਜਾਇਜ਼ ਕਰਾਰ ਦਿੱਤਾ ਹੈ। ਇਸ ਮਾਮਲੇ ‘ਚ ਜਸਟਿਸ ਬੀ. ਵੀ. ਨਗਰਰਤਨ ਨੇ ਆਪਣੀ ਅਸਹਿਮਤੀ ਪ੍ਰਗਟਾਈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ 8 ਨਵੰਬਰ ਨੂੰ ਨੋਟਬੰਦੀ ਦਾ ਫੈਸਲਾ ਗੈਰ-ਕਾਨੂੰਨੀ ਹੈ। ਜਸਟਿਸ ਨਾਗਰਤਨ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ ‘ਤੇ ਸਾਰੀਆਂ ਸੀਰੀਜ਼ ਦੇ ਨੋਟਾਂ ਨੂੰ ਸਰਕੂਲੇਸ਼ਨ ਤੋਂ ਵਾਪਸ ਲੈਣਾ ਬਹੁਤ ਗੰਭੀਰ ਮਾਮਲਾ ਹੈ।ਇਸ ਦੇ ਨਾਲ ਹੀ ਜਸਟਿਸ ਨੇ ਕਿਹਾ ਕਿ ਨੋਟਬੰਦੀ ਦਾ ਫੈਸਲਾ ਇਕ ਬਿੱਲ ਰਾਹੀਂ ਹੋਣਾ ਚਾਹੀਦਾ ਸੀ ਨਾ ਕਿ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਰਾਹੀਂ, ਅਜਿਹੇ ਅਹਿਮ ਫੈਸਲੇ ਸੰਸਦ ਦੇ ਸਾਹਮਣੇ ਰੱਖੇ ਜਾਣੇ ਚਾਹੀਦੇ ਸਨ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-”Outstanding All Round Graduate over 3 years.”
- Admitted to the Bar of British Columbia in 1999



Mandeep Randhawa,
*B.Sc., L.L.B (UBC)*

TRIAL LAWYERS
MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca




**7050 120 Street, Surrey, British Columbia V3W 3M8, Tel: (604) 598-1300 Fax (604) 594-1669**

# ਇਸ ਹਫਤੇ ਦੇ ਪ੍ਰੋਗਰਾਮ

### 6 ਜਨਵਰੀ ਦਿਨ ਸ਼ੁੱਕਰਵਾਰ

*ਆਰੰਭ 2 ਸ੍ਰੀ ਅਖੰਡ ਪਾਠ ਸਾਹਿਬ
1. ਗੁਰਮੀਤ ਕੌਰ ਪਰਿਵਾਰ ਵੱਲੋਂ
2. ਜਸਵੀਰ ਸਿੰਘ ਅਤੇ ਪਰਿਵਾਰ ਵੱਲੋਂ

### 7 ਜਨਵਰੀ ਦਿਨ ਸ਼ਨਿਚਰਵਾਰ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਪਰਮਜੀਤ ਕੌਰ ਗਿੱਲ ਅਤੇ ਪਰਿਵਾਰ ਵੱਲੋਂ
*ਸਵੇਰੇ 10.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਰਾਜਿੰਦਰ ਕੌਰ ਅਤੇ ਪਰਿਵਾਰ ਵੱਲੋਂ
*ਦੁਪਹਿਰ 12.00 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਬਲਜੀਤ ਸਿੰਘ ਖੇਲਾ ਪਰਿਵਾਰ ਵੱਲੋਂ
*ਦੁਪਹਿਰ 12.00 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ
*ਦੁਪਹਿਰ 2.00 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਗੁਰਨਾਮ ਸਿੰਘ ਪਰਿਵਾਰ ਵੱਲੋਂ
*ਸ਼ਾਮ 5.00 ਵਜੇ ਸ਼ਾਮ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਸਰਦੂਲ ਸਿੰਘ ਪਰਿਵਾਰ ਵੱਲੋਂ
*ਫਿਊਨਰਲ ਮਾਤਾ ਕੁਲਦੀਪ ਕੌਰ ਸਵੇਰੇ 10 ਵਜੇ ਰਿਵਰਸਾਈਡ ਵਿਖੇ ਹੋਵੇਗਾ। 11.30 ਵਜੇ ਗੁਰਦੁਆਰਾ ਸਾਹਿਬ ਵਿਖੇ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਫਿਊਨਰਲ ਸ. ਗੁਰਦੇਵ ਸਿੰਘ ਨੱਤ ਦੁਪਹਿਰ 12.30 ਰਿਵਰਸਾਈਡ ਵਿਖੇ ਹੋਵੇਗਾ, 2 ਵਜੇ ਗੁਰਦੁਆਰਾ ਸਾਹਿਬ ਵਿਖੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
*ਫਿਊਨਰਲ ਮਾਤਾ ਕੁਲਦੀਪ ਕੋਰ ਗਰੇਵਾਲ ਰਿਵਰਸਾਈਡ ਵਿਖੇ 3 ਵਜੇ ਹੋਵੇਗਾ। ਸ਼ਾਮ 4.30 ਵਜੇ ਗੁਰਦੁਆਰਾ ਸਾਹਿਬ ਵਿਖੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

### 8 ਜਨਵਰੀ ਦਿਨ ਐਤਵਾਰ

*ਸਵੇਰੇ 8.30 ਵਜੇ ਭੋਗ 2 ਸ੍ਰੀ ਅਖੰਡ ਪਾਠ ਸਾਹਿਬ
*ਸਵੇਰੇ 9 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਮਨਜੀਤ ਸਿੰਘ ਅਤੇ ਪਰਿਵਾਰ ਵੱਲੋਂ
*ਫਿਊਨਰਲ ਸ. ਜੋਗਿੰਦਰ ਸਿੰਘ ਸਵੇਰੇ 10.00 ਵਜੇ ਹੋਵੇਗਾ, ਉਪਰੰਤ 11.30 ਵਜੇ ਗੁਰਦੁਆਰਾ ਸਾਹਿਬ ਵਿਖੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਫਿਊਨਰਲ ਸ. ਸੁਰਜੀਤ ਸਿੰਘ ਦੁਪਹਿਰ 2 ਵਜੇ ਰਿਵਰਸਾਈਡ ਵਿਖੇ ਹੋਵੇਗਾ। ਉਪਰੰਤ ਸ਼ਾਮ 3.30 ਵਜੇ ਗੁਰਦੁਆਰਾ ਸਾਹਿਬ ਵਿਖੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
*ਦੁਪਹਿਰ 2 ਵਜੇ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਜਗਦੀਪ ਪਰਿਵਾਰ ਵੱਲੋਂ
*ਬਾਦ ਦੁਪਹਿਰ 2.45 ਵਜੇ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਸੁਖਬੀਰ ਸਿੰਘ ਪਰਿਵਾਰ ਵੱਲੋਂ
*ਸ਼ਾਮ 4.30 ਵਜੇ ਸ੍ਰੀ ਸੁਖਮਨੀ ਸਾਹਿਬ ਹਰਪ੍ਰੀਤ ਸਿੰਘ ਪਰਿਵਾਰ ਵੱਲੋਂ
*ਸ਼ਾਮ 5 ਵਜੇ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਅਵਤਾਰ ਸਿੰਘ ਪਰਿਵਾਰ ਵੱਲੋਂ




ਧੰਨ ਧੰਨ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

## ਕਵੀ ਦਰਬਾਰ

**ਐਤਵਾਰ**

15 ਜਨਵਰੀ 2023
1:30 PM – 4.30 PM

ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ। ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਜਸਪ੍ਰੀਤ ਸਿੰਘ ਜੀ, ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ
ਭਾਈ ਕੁਲਦੀਪ ਸਿੰਘ ਜੀ ਮੋਗੇ ਵਾਲੇ

## ਕਥਾਵਾਚਕ

ਭਾਈ ਜਸਵਿੰਦਰ ਸਿੰਘ ਜੀ

## ਢਾਡੀ ਜਥਾ

ਭਾਈ ਬਖਸ਼ੀਸ਼ ਸਿੰਘ ਰਾਣੀਬਲਾ

# 24Hrs Cuisine of India

2 Locations to Serves You

12336 Lake City Way NE, Seattle WA | 930 SE Pioneer Way Oak Harbor WA

PH:206-708-1741, 206-708-1792

www.24hrscuisineofIndia.com, www.247GourmetPizza.com

24 hrs open Cuisine of India
24/7 Gourmet Pizza



For Pizza & Desi Wraps along with Indian Cuisine


ਬਿਜਨਸ, ਕਮਰਸ਼ੀਅਲ ਅਤੇ ਡਿਵੈਲਪਮੈਂਟ ਲੈਂਡ,
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
ਟਰੱਕ ਸਟਾਪ ਡਿਵੈਲਪਮੈਂਟ ਸਾਈਟ ਉਪਲਬਧ ਹੈ

Truck Park, Retail, Restaurant, Gas & Mart Sites

17 years experience in Commercial and Residential real estate brokerage
Assisting in precuring loans for Land and business investments

Truck Parking Site Available

FEEL FREE TO CALL FOR CONSULTING



Gurinderjit S Purewal, MBA
Real Estate Broker
Skyline Properties Inc
50 116 Ave SE Suite 120 Bellevue Wa 98004
Ph: 206-548-9999
Direct 2067940484 Fax 2066531983
Email: GaryPurewal@icloud.com

ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com



FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

CLOVERDALE VILLAGE DENTAL

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

604-579-0102

# DHALIWAL GROUP OF COMPANIES










ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ

604-543-2222

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant & Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421

www.DhoomRestaurant.com

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

12885-85Ave. Surrey, BC V3W 0K8 Canada




## ਹਫਤਾਵਾਰੀ ਪ੍ਰੋਗਰਾਮ

7 ਜਨਵਰੀ ਦਿਨ ਸ਼ਨਿਚਰਵਾਰ ਅਤੇ
8 ਜਨਵਰੀ ਦਿਨ ਐਤਵਾਰ ਹਫਤਾਵਾਰੀ ਦੀਵਾਨ ਸਜਣਗੇ।
ਜਿਸ ਵਿਚ ਕਥਾ, ਕੀਰਤਨ ਅਤੇ ਢਾਡੀ ਵਾਰਾਂ
ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।

## ਅੰਮ੍ਰਿਤ ਸੰਚਾਰ

8 ਜਨਵਰੀ ਦਿਨ ਐਤਵਾਰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ।

**ਵਧੇਰੇ ਜਾਣਕਾਰੀ ਲਈ ਫੋਨ ਕਰੋ (ਗੁਰਦੁਆਰਾ ਸਾਹਿਬ):604-594-2574**

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*06 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 9 ਵਜੇ ਅਖੰਡਪਾਠ ਸਾਹਿਬ ਦਵਿੰਦਰ ਸਰਾਂ ਪਰਿਵਾਰ ਵੱਲੋਂ ਆਰੰਭ ਕੀਤੇ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*07 ਜਨਵਰੀ ਦਿਨ ਸ਼ਨਿਚਰਵਾਰ ਸਵੇਰੇ ਸੁਖਮਨੀ ਸਾਹਿਬ ਦੇ ਪਾਠ ਮੇਨ ਹਾਲ ਵਿਖੇ ਸ. ਕਰਨਵੀਰ ਸਿੰਘ ਪਰਿਵਾਰ ਵੱਲੋਂ ਕਰਵਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*08 ਜਨਵਰੀ ਦਿਨ ਐਤਵਾਰ ਸਵੇਰੇ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*08 ਜਨਵਰੀ ਦਿਨ ਐਤਵਾਰ ਨੂੰ ਗੈਲਰੀ ਹਾਲ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

*ਕਥਾ ਵਾਚਕ -ਪੰਥ ਦੇ ਪ੍ਰਸਿੱਧ ਕਥਾਵਾਚਕ ਭਾਈ ਜੈਵੀਰ ਸਿੰਘ (ਰੋਪੜ ਵਾਲੇ)

*ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ ਜਲੰਧਰ ਵਾਲੇ

*ਢਾਡੀ ਜਥਾ-ਕੁਲਜਿੰਦਰ ਸਿੰਘ ਯੋਗੀ ਪਿੰਡ ਕੈਲਪੁਰ (ਲੁਧਿਆਣਾ)

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

# ਬ੍ਰਿਟਿਸ਼ ਕੋਲੰਬੀਆਂ ਦੇ ਗੁਰੂ ਘਰਾਂ 'ਚ ਧੂਮਧਾਮ ਨਾਲ ਮਨਾਇਆ ਨਵਾਂ ਸਾਲ





ਐਬਟਸਫੋਰਡ, (ਗੁਰਦੀਪ ਸਿੰਘ ਗਰੇਵਾਲ)-ਕੈਨੇਡਾ ਦੇ ਬ੍ਰਿਸ਼ ਕੋਲੰਬੀਆ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿਚ ਸਥਿਤ ਗੁਰੂ ਘਰਾਂ ਵਿਖੇ ਸਾਲ 2022 ਨੂੰ ਅਲਵਿਦਾ ਤੇ ਸਾਲ 2023 ਨੂੰ ਜੀ ਆਇਆਂ ਨੂੰ ਕਹਿਣ ਲਈ ਭਾਰੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਈਆਂ। ਵੈਨਕੂਵਰ ਦੇ ਗੁਰਦੁਆਰਾ ਖ਼ਾਲਸਾ ਦੀਵਾਨ ਸੁਸਾਇਟੀ, ਗੁਰਦੁਆਰਾ ਅਕਾਲੀ ਸਿੰਘ ਸਿੱਖ ਸੁਸਾਇਟੀ, ਗੁਰਦੁਆਰਾ ਖ਼ਾਲਸਾ ਦਰਬਾਰ ਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਸਰੀ ਦੇ ਗੁਰਦੁਆਰਾ ਸਾਹਿਬ ਦੂਖ ਨਿਵਾਰਨ, ਗੁਰਦੁਆਰਾ ਦਸਮੇਸ਼ ਦਰਬਾਰ, ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਅੰਮ੍ਰਿਤ ਪ੍ਰਕਾਸ਼, ਗੁਰਦੁਆਰਾ ਰਾਮਗੜ੍ਹੀਆ ਸਿੱਖ ਸੁਸਾਇਟੀ ਤੇ ਖ਼ਾਲਸਾ ਦੀਵਾਨ ਸੁਸਾਇਟੀ, ਗੁਰਦੁਆਰਾ ਨਾਨਕਸਰ ਤੇ ਨਾਨਕ ਨਿਵਾਸ ਰਿਚਮੰਡ, ਗੁਰਦੁਆਰਾ ਸੁੱਖ ਸਾਗਰ ਨਿਊਵੈਸਟ, ਐਬਟਸਫੋਰਡ ਦੇ ਗੁਰਦੁਆਰਾ ਖ਼ਾਲਸਾ ਦੀਵਾਨ ਸੁਸਾਇਟੀ, ਗੁਰਦੁਆਰਾ ਕਲਗੀਧਰ ਦਰਬਾਰ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ, ਗੁਰਦੁਆਰਾ ਈਸ਼ਰ ਦਰਬਾਰ, ਗੁਰਦੁਆਰਾ ਮਿਸ਼ਨ ਗੁਰਸਿੱਖ ਸੁਸਾਇਟੀ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਕੈਮਲੂਪਸ, ਖ਼ਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ, ਗੁਰਦੁਆਰਾ ਗੁਰੂ ਨਾਨਕ ਦਰਬਾਰ ਪ੍ਰਿੰਸ ਜਾਰਜ ਤੇ ਓਕਾਨਾਗਾਨ ਸਿੱਖ ਟੈਂਪਲ ਕਲੋਨਾ ਵਿਖੇ ਨਵੇਂ ਸਾਲ ਦੀ ਆਮਦ ਤੇ ਸੰਗਤਾਂ ਵਿਚ ਭਾਰੀ ਉਤਸ਼ਾਹ ਸੀ । 31 ਦਸੰਬਰ, 2022 ਨੂੰ ਕਈ ਗੁਰੂ ਘਰਾਂ ਵਿਚ ਦਿਨ ਵੇਲੇ ਜਿੱਥੇ ਪ੍ਰਚਾਰਕਾਂ ਵਲੋਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਇਤਿਹਾਸ ਸਰਵਣ ਕਰਵਾਇਆ ਗਿਆ, ਉੱਥੇ ਰਾਤ 12 ਵਜੇ ਸੁੱਖ-ਸ਼ਾਂਤੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਤੇ ਸਾਲ 2023 ਨੂੰ ਖੁਸ਼ਆਮਦੀਦ ਕਿਹਾ ਗਿਆ।

# ਗੁਰਦਵਾਰਾ ਨਾਨਕ ਨਿਵਾਸ ਰਿਚਮੰਡ ਵਿਖੇ ਨਵੇਂ ਸਾਲ ਨੂੰ 'ਜੀ ਆਇਆਂ'



ਰਿਚਮੰਡ:ਇਸ ਸਾਲ ਗੁਰਦਵਾਰਾ ਨਾਨਕ ਨਿਵਾਸ ਨੰਬਰ ਪੰਜ ਰੋਡ ,ਰਿਚਮੰਡ ਵਿਖੇ ਸੰਗਤਾਂ ਨੇ ਬਹੁਤ ਹੀ ਉਤਸ਼ਾਹ ਨਾਲ ਨਵੇਂ ਸਾਲ 2023 ਨੂੰ 'ਜੀਅ ਆਇਆਂ' ਆਖਿਆ। 31 ਦਸੰਬਰ ਅਤੇ ਪਹਿਲੀ ਜਨਵਰੀ ਦੋਨੋਂ ਦਿਨ ਗੁਰਦਵਾਰਾ ਸਾਹਿਬ ਵਿਖੇ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜਰੀ ਲਗਵਾਈ ਅਤੇ ਨਤਮਸਤਕ ਹੋਏ।ਦੋਨੋਂ ਦਿਨ ਗਰੁਦਵਾਰਾ ਸਾਹਿਬ ਦੇ ਕੀਰਤਨੀ ਜਥੇ ਗਿਆਨੀ ਨਵਨੀਤ ਸਿੰਘ, ਗਿਆਨੀ ਹਰਦਮਦੀਪ ਸਿੰਘ, ਗਿਆਨੀ ਗੁਰਜੋਤ ਸਿੰਘ, ਗਿਆਨੀ ਕੁਲਦੀਪ ਸਿੰਘ, ਬੀਬੀ ਸ਼ਮਿੰਦਰਜੀਤ ਕੌਰ ਹੁਰਾਂ ਨੇ ਬਹੁਤ ਹੀ ਅਨੰਦ ਮਈ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਦੋਨੋਂ ਦਿਨ ਬੀਬੀਆਂ ਨੇ ਭੀ ਲੰਗਰ ਦੀ ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਸੇਵਾ ਕੀਤੀ। ਇਸੇ ਤਰ੍ਹਾਂ ਸੇਵਾਦਾਰਾਂ ਨੇ ਦਿਨ ਰਾਤ ਗੁਰੂ ਘਰ ਵਿਖੇ ਸੇਵਾ ਕੀਤੀ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਭੀ ਦੋਨੋਂ ਦਿਨ ਸੇਵਾ ਵਿਚ ਜੁੱਟੇ ਰਹੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਬਲਵੰਤ ਸਿੰਘ ਸੰਘੇੜਾ ਨੇ ਸਭ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਸਾਡੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਨਵਾਂ ਸਾਲ ਸਭ ਲਈ ਖੁਸ਼ੀਆਂ ਭਰਿਆ ਹੋਵੇ।

# ਬੱਚੀ ਆਰੀਆ ਕੌਰ ਮਾਂਗਟ ਦੇ ਜਨਮ ਦਿਨ ਦੀ ਵਧਾਈ

ਰਿਚਮੰਡ-ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਵਿਖੇ 28 ਦਸੰਬਰ ਦਿਨ ਬੁੱਧਵਾਰ ਨੂੰ ਬੱਚੀ ਆਰੀਆ ਕੌਰ ਮਾਂਗਟ ਦਾ ਤੀਸਰਾ ਜਨਮ ਦਿਨ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਮਾਂਗਟ ਪਰਿਵਾਰ ਵਲੋਂ ਇਸ ਖੁਸ਼ੀ ਦੇ ਮੌਕੇ ਉਪਰ ਕੀਰਤਨ ਅਤੇ ਲੰਗਰ ਦੀ ਸੇਵਾ ਨਿਭਾਈ ਗਈ। ਇਸ ਸ਼ੁਭ ਅਵਸਰ ਉਪਰ ਗੁਰੂ ਘਰ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਬਹੁਤ ਹੀ ਮਧੁਰ ਕੀਰਤਨ ਨਾਲ ਨਿਹਾਲ ਕੀਤਾ। ਇਸ ਉਪਰੰਤ ਸੰਗਤਾਂ ਨੇ ਲੰਗਰ ਦਾ ਅਨੰਦ ਮਾਣਿਆ।ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਬਲਵੰਤ ਸਿੰਘ ਸੰਘੇੜਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ।ਅਸੀਂ ਆਰੀਆ ਕੌਰ ਮਾਂਗਟ ਦੇ ਤੀਸਰੇਂ ਜਨਮ ਦਿਨ ਦੀ ਉਸ ਦੇ ਪਿਤਾ ਹਰਮਨਦੀਪ ਸਿੰਘ ਮਾਂਗਟ, ਮਾਤਾ ਨਵਜੋਤ ਕੌਰ ਮਾਂਗਟ, ਦਾਦਾ ਜੀ, ਦਾਦੀ ਜੀ, ਨਾਨਕਾ ਪਰਿਵਾਰ ਸਭ ਨੂੰ ਲੱਖ ਲੱਖ ਵਧਾਈ ਦਿੰਦੇ ਹਾਂ। ਸਾਡੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਬੱਚੀ ਅਰੀਆ ਦੇ ਸਿਰ ਉੱਪਰ ਹਰ ਵੇਲੇ ਆਪਣਾ ਮੇਹਰ ਭਰਿਆ ਹੱਥ ਰੱਖੇ ਅਤੇ ਇਸ ਨੂੰ ਉੱਚੀ ਵਿਦਿਆ, ਤੰਦਰੁਸਤ ਜੀਵਨ ਅਤੇ ਇਕ ਚੰਗੇ ਸ਼ਹਿਰੀ ਬਨਣ ਦੀ ਸਮਰਥਾ ਬਖਸ਼ੇ।




MB BRAR & Co.
Accounting & Business Professionals

INCOME TAX ਇਨਕਮ ਟੈਕਸ
Nil Income Still Eligible For Refunds. E-file For Faster Refunds
ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:
For Prompt, Polite And Professional Services, Please See Us

- Personal Tax (T1) • ਪਰਸਨਲ ਟੈਕਸ
- Sole Proprietor • ਪ੍ਰੋਪਰਾਇਟਰ
- Corporate Tax (T2) • ਕੋਰਪੋਰੇਟ ਟੈਕਸ
- Partnerships • ਪਾਰਟਨਰਸ਼ਿਪ
- GST, PST & HST • ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- WCB • ਡਬਲਿਊ.ਸੀ.ਬੀ.
- CRA Reviews • ਸੀ.ਆਰ.ਏ. ਰਿਵੀਊਜ਼
- Business Planning • ਬਿਜਨਿਸ ਪਲੈਨਿੰਗ

All Revenue Canada applications and inquiries.

Mandeep Brar: 778-908-3317
mandeep@brarco.ca





Continental Immigration Solutions
"Helping Make Canada Home"

- Super Visa • ਸੁਪਰ ਵੀਜ਼ਾ
- Permanent Residence • ਪਰਮਾਨੈਂਟ ਰੇਜੀਡੈਂਸ
- Study Permit • ਸਟੱਡੀ ਪਰਮਿਟ
- Work Permit • ਵਰਕ ਪਰਮਿਟ
- Provincial Nominations • ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- Spousal Sponsorship • ਪਤੀ/ਪਤਨੀ ਸਪੌਂਸਰਸ਼ਿਪ

Sukhvir Chand RCIC, BBA
778-549-6851
sukh@cisonline.ca
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

*Top Quality *Friendly Service * On Time & Free Delivery

ਲੋਕਾਂ ਦੀ ਪੁਰਜ਼ੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

7743-128St Surrey, BC (Opposite to Subway)




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













Foam Mattress



Single $99 Double $129 Queen $149

Matresses



Single $149.⁰⁰ Double $249.⁰⁰ Queen $299.⁰⁰



ਗੌਦਰੇਜ ਦੀ ਅਲਮਾਰੀ ਕੀਮਤ $599.00

Paul Narwal & Patrick 604-503-4457 ਜਾਂ 236-868-1628

# ਡਾ. ਤੇਜਵੰਤ ਸਿੰਘ ਮਾਨ ਮਾਰਕਸਵਾਦ ਅਤੇ ਪੂਰਬੀਚਿੰਤਨ ਦੇ ਸਾਪੇਖੀ ਰਲੇਵੇਂ ਦਾ ਮੁਦੱਈ ਲੇਖਕ: ਡਾ. ਸਵਰਾਜ ਸਿੰਘ



ਸੰਗਰੂਰ: ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਡਾ. ਤੇਜਵੰਤ ਮਾਨ ਦੇ ਜਨਮ ਦਿਵਸ ਦੇ ਸਬੰਧ ਵਿੱਚ ਪਹਿਲੀ ਜਨਵਰੀ ਨੂੰ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਸਵਰਾਜ ਸਿੰਘ ਪ੍ਰਸਿੱਧ ਵਿਸ਼ਵ ਚਿੰਤਕ ਨੇ ਕੀਤੀ ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਡਾ. ਨਰਵਿੰਦਰ ਸਿੰਘ ਕੌਸ਼ਲ, ਡਾ. ਚਰਨਜੀਤ ਸਿੰਘ ਉਡਾਰੀ, ਡਾ. ਭਗਵੰਤ ਸਿੰਘ ਅਤੇ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਸ਼ਾਮਲ ਹੋਏ। ਸਮਾਗਮ ਦੇ ਮੱਖ ਮਹਿਮਾਨ ਡਾ. ਤੇਜਵੰਤ ਮਾਨ ਸਾਹਿਤ ਰਤਨ ਸਨ।

ਡਾ. ਤੇਜਵੰਤ ਮਾਨ ਦੀ ਸਾਹਿਤਕ ਦੇਣ ਬਾਰੇ ਵੱਖੋ ਵੱਖ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ। ਡਾ. ਸਵਰਾਜ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਡਾ. ਤੇਜਵੰਤ ਮਾਨ ਮਾਰਕਸਵਾਦ ਅਤੇ ਪੂਰੀਬਚਿੰਤਨ ਦੇ ਸਾਪੇਖੀ ਰਲੇਵੇਂ ਦਾ ਮੁਦੱਈ ਲੇਖਕ ਹੈ। ਉਹ ਆਪਣੀ ਆਲੋਚਨਾ ਦ੍ਰਿਸ਼ਟੀ ਵਿੱਚ ਨਿਰਪੇਖਤਾ ਨੂੰ ਰੱਦ ਕਰਕੇ ਸਾਪੇਖਤਾ ਦਾ ਜੋਰਦਾਰ ਸਮਰਥਨ ਕਰਦਾ ਹੈ।

ਡਾ. ਭਗਵੰਤ ਸਿੰਘ ਨੇ ਕਿਹਾ ਕਿ ਡਾ. ਤੇਜਵੰਤ ਮਾਨ ਦਾ ਚਿੰਤਨ ਮਾਰਕਸਵਾਦ ਅਤੇ ਗੁਰਮਤਿ ਦਾ ਸੁਮੇਲ ਹੈ। ਪਵਨ ਹਰੰਚਦਪੁਰੀ ਨੇ ਕਿਹਾ ਕਿ ਤੇਜਵੰਤ ਮਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੀ ਸ਼ਾਨ ਹੈ। ਉਸਨੇ ਇਸ ਸਭਾ ਦੇ ਆਰੰਭ ਤੋਂ ਹੀ 14 ਸਾਲ ਜਨਰਲ ਸਕੱਤਰ ਅਤੇ 9 ਸਾਲ ਪ੍ਰਧਾਨ ਦੇ ਤੌਰ ਬੜੀ ਸੁਹਿਰਦਤਾ ਨਾਲ ਸੇਵਾ ਕੀਤੀ ਹੈ। ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਕਿਹਾ ਕਿ ਡਾ. ਮਾਨ ਦੀ ਵਿਚਾਰਧਾਰਕ ਪ੍ਰਤੀਬੱਧਤਾ ਕਮਾਲ ਦੀ ਹੈ, ਉਹ ਕਦੇ ਆਪਣੇ ਬੌਧਿਕ ਮਿਆਰਾਂ ਤੋਂ ਨਹੀਂ ਖਿੜਕਿਆ ਭਾਵੇਂ ਉਸਨੂੰ ਇਸ ਲਈ ਬੜੀਆਂ ਔਕੜਾਂ ਦਾ ਸਾਹਮਣਾ ਹੀ ਕਿਉਂ ਨਹੀਂ ਕਰਨਾ ਪਿਆ।

ਅਮਰ ਗਰਗ ਨੇ ਕਿਹਾ ਕਿ ਡਾ. ਤੇਜਵੰਤ ਮਾਨ ਨਾਲ ਵਿਚਾਰ ਵਟਾਂਦਰਾਂ ਕਰਦਿਆਂ ਪੰਗਾ ਲੈਣ ਵਿੱਚ ਬੜਾ ਸੁਆਦ ਆਉਂਦਾ ਹੈ, ਕਿਉਂਕਿ ਉਹ ਹਰ ਸਵਾਲ ਦਾ ਤਰਕਸੰਗਤ ਜੁਆਬ ਦੇਣ ਵਿੱਚ ਮਾਹਰ ਹਨ। ਚਰਨਜੀਤ ਉਡਾਰੀ ਨੇ ਕਿਹਾ ਕਿ ਉਹ ਡਾ. ਮਾਨ ਦੀ ਨਿਰੰਤਰ ਲਿਖਣ ਸ਼ਕਤੀ ਤੋਂ ਬੜਾ ਪ੍ਰਭਾਵਤ ਹਨ। ਨਿਹਾਲ ਸਿੰਘ ਮਾਨ ਨੇ ਕਿਹਾ ਕਿ ਨਵੇਂ ਲੇਖਕਾਂ ਨੂੰ ਉਤਸ਼ਾਹਤ ਕਰਨ ਵਿੱਚ ਡਾ. ਤੇਜਵੰਤ ਮਾਨ ਦੀ ਦੇਣ ਸ਼ਲਾਘਾਯੋਗ ਹੈ। ਸੁਰਿੰਦਰਪਾਲ ਕੌਰ ਰਸੀਆ ਨੇ ਕਿਹਾ ਕਿ ਡਾ. ਤੇਜਵੰਤ ਮਾਨ ਇੱਕ ਅਗਾਂਹਵਧੂ ਲੇਖਕ ਹੀ ਨਹੀਂ ਬਲਕਿ ਉਹ ਇੱਕ ਸੁਹਿਰਦ ਹਰਮਨ ਪਿਆਰੇ ਅਧਿਆਪਕ ਵੀ ਹਨ। ਸੁਰਿੰਦਰ ਨੇ ਇੱਕ ਵਿਦਿਆਰਥਣ ਵਜੋਂ ਡਾ. ਮਾਨ ਬਾਰੇ ਆਪਣੇ ਪ੍ਰਭਾਵ ਦੱਸੇ।

ਇਸ ਮੌਕੇ ਤੇ ਜੰਗ ਸਿੰਘ ਫੱਟੜ, ਡਾ. ਰਾਜੀਵ ਪੁਰੀ, ਡਾ. ਗੁਰਮੀਤ ਸਿੰਘ, ਡਾ. ਇਕਬਾਲ ਸਿੰਘ ਪ੍ਰਿੰਸੀਪਲ, ਗੁਰਜਿੰਦਰ ਸਿੰਘ ਰਸੀਆ, ਜਗਦੀਪ ਸਿੰਘ ਗੰਧਾਰਾ ਐਡਵੋਕੇਟ, ਗੁਰਨਾਮ ਸਿੰਘ, ਰਾਜ ਕੁਮਾਰ, ਸ.ਸ. ਫੁੱਲ, ਜਗਮੇਲ ਸਿੰਘ ਨੇ ਵੀ ਡਾ. ਮਾਨ ਦੀ ਸਖਸ਼ੀਅਤ ਬਾਰੇ ਆਪਣੇ ਵਿਚਾਰ ਰੱਖੇ।

ਸਮਾਗਮ ਵਿੱਚ ਹੋਏ ਨਵੇਂ ਵਰ੍ਹੇ ਨੂੰ ਸਮਰਪਤ ਕਵੀ ਦਰਬਾਰ ਵਿੱਚ ਗੁਲਜ਼ਾਰ ਸਿੰਘ ਸ਼ੌਂਕੀ, ਮੀਤ ਸਕਰੌਦੀ, ਸੁਰਿੰਦਰਪਾਲ ਸਿਦਕੀ, ਪ੍ਰੋ. ਨਰਿੰਦਰ ਸਿੰਘ, ਚਰਨਜੀਤ ਉਡਾਰੀ, ਜੋਰਾ ਸਿੰਘ ਮੰਡੇਰ, ਅਮਰਜੀਤ ਅਮਨ, ਸੁਰਿੰਦਰ ਸ਼ਰਮਾ, ਜੰਗ ਸਿੰਘ ਫੱਟੜ, ਜਗਮੇਲ ਸਿੰਘ, ਗੁਰਜਿੰਦਰ ਰਸੀਆ, ਅੰਮ੍ਰਿਤ ਅਜੀਜ, ਸੁਰਿੰਦਰਪਾਲ ਰਸੀਆ, ਨਾਹਰ ਸਿੰਘ ਮੁਬਾਰਕਪੁਰੀ, ਭਾਰਤ ਭੂਸ਼ਨ, ਸੁਰਿੰਦਰ ਸ਼ੋਰੀ ਨੇ ਕਵਿਤਾਵਾਂ ਸੁਣਾਈਆਂ ।

ਇਸ ਅਵਸਰ ਤੇ ਅਜਮੇਰ ਸ਼ਰੀਫ ਰਾਜਸਥਾਨ ਦੀ ਪੰਜਾਬੀ ਕਵਿਤ੍ਰੀ ਬਲਜਿੰਦਰ ਕੌਰ ਦੀ ਕਾਵਿ ਪੁਸਤਕ ਮੇਰੀਆਂ ਕਵਿਤਾਵਾਂ ਅਤੇ ਰਾਮ ਮੂਰਤ ਵਰਮਾ ਦੀ ਪੁਸਤਕ ਵੀ ਲੋਕ ਅਰਪਣ ਕੀਤੀ ਗਈ। ਉਪਰੰਤ ਡਾ. ਤੇਜਵੰਤ ਮਾਨ ਦਾ ਸਨਮਾਨ ਕੀਤਾ ਗਿਆ। ਡਾ. ਭਗਵੰਤ ਸਿੰਘ ਦੀ ਪੁਸਤਕ ਪੀਲੂ ਦਾ ਮਿਰਜਾ ਸਾਹਿਬਾਂ ਤੇ ਹੋਰ ਰਚਨਾ ਚੁਨਿੰਦਾ ਵਿਦਵਾਨਾਂ ਨੂੰ ਭੇਂਟ ਕੀਤੀ ਗਈ। ਡਾ. ਤੇਜਵੰਤ ਮਾਨ ਨੇ ਧੰਨਵਾਦੀ ਸ਼ਬਦ ਕਹਿੰਦਿਆਂ ਕਿਹਾ ਕਿ ਉਹ ਸ਼ਬਦ ਦੀ ਚੋਣ ਉਤੇ ਵਧੇਰਾ ਧਿਆਨ ਦਿੰਦੇ ਹਨ। ਸ਼ਬਦ ਦੀ ਜੜ੍ਹਤ ਉਤੇ ਨਹੀਂ। ਡਾ. ਸਵਰਾਜ ਸਿੰਘ ਨੇ ਉਹਨਾਂ ਦੀ ਵਿਚਾਰਧਾਰਾ ਬਾਰੇ ਵਿਸਥਾਰ ਵਿੱਚ ਦੱਸ ਦਿੱਤਾ ਹੈ ਜਿਸ ਨਾਲ ਉਹ ਸਹਿਮਤ ਹਨ। ਉਹ ਸਾਹਿਤ ਦੀ ਸਿਰਜਣਾ ਵਿੱਚ ਇਤਿਹਾਸਕ ਨਿਰੰਤਰਤਾ ਨੂੰ ਖਾਰਜ ਕਰਨ ਦੇ ਹੱਕ ਵਿੱਚ ਨਹੀਂ ਜਿਵੇਂ ਸਰੰਚਨਾਵਾਦੀ ਅਤੇ ਰੂਪਵਾਦੀ ਆਲੋਚਕ ਕਰਦੇ ਹਨ।

ਜਗਦੀਪ ਸਿੰਘ ਨੇ ਧੰਨਵਾਦੀ ਮਤਾ ਪੇਸ਼ ਕੀਤਾ ਅਤੇ ਗੁਰਨਾਮ ਸਿੰਘ ਨੇ ਮੰਚ ਸੰਚਾਲਨਾ ਕੀਤੀ।


The Builder's Direct

Experienced & Honest

Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਸਾਬਕਾ ਜਥੇਦਾਰ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਬਰਸੀ ਮਨਾਈ

ਜਗਰਾਉਂ,-ਸਿੱਖ ਸੰਘਰਸ਼ ਦੌਰਾਨ ਪੁਲਿਸ ਵਲੋਂ ਸ਼ਹੀਦ ਕੀਤੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਬਰਸੀ ਗੁਰਦੁਆਰਾ ਗੁਰੂਸਰ ਕਾਉਂਕੇ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ 'ਚ ਗਰਮ ਖਿਆਲੀ ਜਥੇਬੰਦੀਆਂ ਵਲੋਂ ਆਪਣੇ ਪੱਧਰ 'ਤੇ ਮਨਾਈ ਗਈ । ਸ਼ਰਧਾਂਜਲੀ ਸਮਾਗਮ 'ਚ ਜਿੱਥੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ ਉੱਥੇ ਭਾਈ ਕਾਉਂਕੇ ਦੀ ਸ਼ਹੀਦੀ ਨੂੰ ਮੁੱਖ ਰੱਖਦਿਆਂ ਅੰਮ੍ਰਿ ਸੰਚਾਰ ਵੀ ਕਰਵਾਇਆ ਗਿਆ, ਵੱਡੀ ਗਿਣਤੀ 'ਚ ਨੌਜਵਾਨਾਂ ਵਲੋਂ ਅੰਮ੍ਰਿਤਪਾਨ ਕੀਤਾ ਗਿਆ । ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ, ਦਮਦਮੀ ਟਕਸਾਲ ਦੇ ਮੁਖੀ ਜਥੇਦਾਰ ਭਾਈ ਰਾਮ ਸਿੰਘ, ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਨੇ ਸਿੱਖ ਸੰਘਰਸ਼ ਦੀ ਅਗਵਾਈ ਕੀਤੀ ਤੇ ਭਾਈ ਸਾਹਿਬ ਦੀ ਸਿੱਖ ਕੌਮ ਨੂੰ ਵੱਡੀ ਦੇਣ ਹੈ । ਉਨ੍ਹਾਂ ਕਿਹਾ ਭਾਈ ਕਾਉਂਕੇ ਸਿੱਖ ਕੌਮ ਦਾ ਜਰਨੈਲ ਸੀ ਜਿਸ ਨੇ ਕੌਮ ਦੀ ਚੜ੍ਹਦੀ ਕਲਾ ਲਈ ਸ਼ਹੀਦੀ ਪ੍ਰਾਪਤ ਕੀਤੀ । ਸਿਮਰਨਜੀਤ ਸਿੰਘ ਮਾਨ ਨੇ ਦੱਸਿਆ ਕਿ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੰਜਾਬ ਪੁਲਿਸ ਵਲੋਂ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਅਤੇ ਸਰੀਰ ਦੇ ਟੋਟੇ ਟੋਟੇ ਕਰਕੇ ਉਨ੍ਹਾਂ ਨੂੰ ਬੋਰੀਆਂ 'ਚ ਪਾ ਕੇ ਸਤਲੁਜ ਦਰਿਆ 'ਚ ਸੁੱਟ ਦਿੱਤਾ ਗਿਆ, ਉਨ੍ਹਾਂ ਕੋਲ ਮੌਕੇ ਦੇ ਗਵਾਹ ਮੌਜੂਦ ਹਨ ਪਰ ਵਾਰ-ਵਾਰ ਅਪੀਲਾਂ ਕਰਨ ਦੇ ਬਾਵਜੂਦ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ



ਨਹੀਂ ਕੀਤੀ, ਜਿਸ ਦਾ ਕੌਮ ਨੂੰ ਹਮੇਸ਼ਾ ਸ਼ਿਕਵਾ ਰਹੇਗਾ । ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਰਨਲ ਸਕੱਤਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਭਾਈ ਜਸਵੀਰ ਸਿੰਘ ਖੰਡੂਰ, ਭਾਈ ਹਰੀ ਸਿੰਘ ਕਾਉਂਕੇ, ਮਨਜੀਤ ਸਿੰਘ ਮੱਲ੍ਹਾ, ਜਥੇਦਾਰ ਸੁਰਜੀਤ ਸਿੰਘ ਤਲਵੰਡੀ, ਗੁਰਨਾਮ ਸਿੰਘ ਡੱਲਾ, ਗੁਰਦੀਪ ਸਿੰਘ ਮੱਲ੍ਹਾ, ਮਹਿੰਦਰ ਸਿੰਘ ਭੰਮੀਪੁਰਾ, ਬੰਤਾ ਸਿੰਘ ਡੱਲਾ, ਜਰਨੈਲ ਸਿੰਘ ਦੌਧਰ, ਪ੍ਰੀਤਮ ਸਿੰਘ ਮਾਨਗੜ੍ਹ, ਹਰਪਾਲ ਸਿੰਘ ਕੁਸਾ ਸਮੇਤ ਵੱਡੀ ਗਿਣਤੀ 'ਚ ਸਿੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ ।






# ਭਾਰਤ ਕੋਲ ਵਿਗਿਆਨ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਦੀ ਤਾਕਤ:ਮੋਦੀ



ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 21ਵੀਂ ਸਦੀ 'ਚ ਭਾਰਤ ਕੋਲ ਡਾਟਾ ਅਤੇ ਤਕਨਾਲੋਜੀ ਦੀ ਬਹੁਤਾਤ ਹੈ ਅਤੇ ਦੋਵਾਂ 'ਚ ਭਾਰਤ ਦੇ ਵਿਗਿਆਨ ਨੂੰ ਹੋਰ ਉਚਾਈਆਂ 'ਤੇ ਲਿਜਾਣ ਦੀ ਤਾਕਤ ਹੈ।

ਤੁਕਾਡੋਜੀ ਮਹਾਰਾਜ ਯੂਨੀਵਰਸਿਟੀ ਨਾਗਪੁਰ ਵਿਖੇ 108ਵੀਂ ਇੰਡੀਅਨ ਸਾਇੰਸ ਕਾਂਗਰਸ (ਆਈਐੱਸਸੀ) ਨੂੰ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਭਾਰਤ ਵਿਗਿਆਨ ਦੇ ਖੇਤਰ ਵਿੱਚ ਤੇਜ਼ੀ ਨਾਲ ਦੁਨੀਆ ਦੇ ਸਿਖਰਲੇ ਦੇਸ਼ਾਂ ਵਿੱਚੋਂ ਇੱਕ ਬਣ ਰਿਹਾ ਹੈ ਅਗਲੇ 25 ਸਾਲਾਂ ਵਿੱਚ ਭਾਰਤ ਜਿਸ ਉਚਾਈ 'ਤੇ ਹੋਵੇਗਾ ਉਸ ਤੱਕ ਪਹੁੰਚਣ ਵਿੱਚ ਵਿਗਿਆਨ ਵੱਡੀ ਭੂਮਿਕਾ ਨਿਭਾਏਗਾ।


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਜਨਵਰੀ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਭਾਈ ਕੇਹਰ ਸਿੰਘ ਜੀ ਅਤੇ ਭਾਈ ਸਤਵੰਤ ਸਿੰਘ ਜੀ ਦਾ ਮਨਾਇਆ ਜਾਵੇਗਾ।ਭਾਈ ਦਵਿੰਦਰ ਸਿੰਘ ਮਾਨ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।ਇਹ ਅਖੰਡਪਾਠ ਸਾਹਿਬ 6 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ 8 ਜਨਵਰੀ ਦਿਨ ਐਤਵਾਰ ਸਵੇਰੇ 9.30 ਵਜੇ ਭੋਗ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*6 ਜਨਵਰੀ ਦਿਨ ਸ਼ੁੱਕਰਵਾਰ ਸਵ. ਜਸਵਿੰਦਰ ਸਿੰਘ ਜੌਹਲ ਦਾ ਅੰਤਮ ਸਸਕਾਰ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2.30 ਵਜੇ ਹੋਵੇਗੀ।

*7 ਜਨਵਰੀ ਦਿਨ ਸ਼ੁੱਕਰਵਾਰ ਸਵ. ਦਾਰਾ ਸਿੰਘ ਦਾ ਅੰਤਮ ਸਸਕਾਰ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2 ਵਜੇ ਹੋਵੇਗੀ।

*7 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 4 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਪਰਮਜੀਤ ਸਿੰਘ ਪਾਬਲਾ 2. ਭਾਈ ਜਰਨੈਲ ਸਿੰਘ ਅਤੇ ਰਛਪਾਲ ਕੌਰ ਪੰਧੇਰ ਪਰਿਵਾਰ ਵੱਲੋਂ 3. ਭਾਈ ਰਜਿੰਦਰ ਸਿੰਘ ਨਿੱਝਰ ਪਰਿਵਾਰ ਵੱਲੋਂ ਆਪਣੀ ਪੋਤਰੀ ਕਵਨਰੂਪ ਕੌਰ ਨਿੱਝਰ ਦੇ 13ਵੇਂ ਜਨਮ ਦਿਨ ਦੀ ਖੁਸ਼ੀ ਵਿਚ 4. ਭਾਈ ਜਸਵਿੰਦਰ ਸਿੰਘ ਪਰਿਵਾਰ ਵੱਲੋਂ ਆਪਣੀ ਬੇਟੀ ਸਾਹਿਬ ਕੌਰ ਦੇ ਜਨਮ ਦੀ ਖੁਸ਼ੀ ਵਿਚ ਹੋਵੇਗੀ।

*8 ਜਨਵਰੀ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਬੀਬੀ ਕੁਲਵਿੰਦਰ ਕੌਰ ਪਰਿਵਾਰ ਵੱਲੋਂ ਹੋਵੇਗੀ।

*8 ਜਨਵਰੀ ਦਿਨ ਐਤਵਾਰ ਸਵ. ਗੁਰਮੀਤ ਕੌਰ ਕੁਲਾਰ ਦਾ ਅੰਤਮ ਸਸਕਾਰ ਸ਼ਾਮ 3 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸ਼ਾਮ 4.30 ਵਜੇ ਹੋਵੇਗੀ।

*8 ਜਨਵਰੀ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ 2 ਪਰਿਵਾਰ ਵੱਲੋਂ ਹੋਵੇਗੀ:

1. ਭਾਈ ਗੁਰਜਿੰਦਰ ਸਿੰਘ ਦੂਲੇ ਪਰਿਵਾਰ 2. ਭਾਈ ਗੁਰਦੀਪ ਸਿੰਘ ਪਰਿਵਾਰ

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਸਿਹਤ ਸੰਬੰਧੀ






# ਹਾਜ਼ਮੇ ਸੰਬੰਧੀ ਰੋਗ ਅਤੇ ਹੋਮਿਓਪੈਥੀ

ਜਿਗਰ ਜਾਂ ਲਿਵਰ ਸਾਡੇ ਸਰੀਰ ਵਿੱਚ ਸਭ ਤੋਂ ਵੱਡੀ ਗ੍ਰੰਥੀ ਹੈ ਅਤੇ ਜਿਗਰ ਇੱਕ ਪ੍ਰਮੁੱਖ ਰਸਾਇਣ ਫ਼ੈਕਟਰੀ ਵਾਂਗ ਕੰਮ ਕਰਦਾ ਹੈ। ਇਹ ਪੇਟ ਦੇ ਉੱਪਰਲੇ ਪਾਸੇ ਸੱਜੇ ਭਾਗ ਵਿੱਚ ਡਾਇਆਫ਼ਰਾਮ ਦੇ ਹੇਠਾ ਹੁੰਦਾ ਹੈ ਅਤੇ ਇਸ ਦਾ ਪ੍ਰਮੁੱਖ ਹਿੱਸਾ ਪਸਲੀਆਂ ਨਾਲ ਢਕਿਆ ਰਹਿੰਦਾ ਹੈ। ਜਿਗਰ ਵੇਖਣ ਵਿੱਚ ਨਰਮ ਅਤੇ ਭੂਰੇ ਲਾਲ ਰੰਗ ਦੀ ਗ੍ਰੰਥੀ ਹੈ। ਇਸ ਦੀ ਅਹਿਮੀਅਤ ਇਹ ਹੈ ਕਿ ਸਾਡੇ ਸਰੀਰ ਵਹਿੰਦੇ ਖ਼ੂਨ ਦਾ ਤਕਰੀਬਨ ਚੌਥਾ ਹਿੱਸਾ ਹਮੇਸ਼ਾ ਜਿਗਰ ਵਿੱਚ ਜਮ੍ਹਾਂ ਰਹਿੰਦਾ ਹੈ। ਪਾਚਨ ਕਿਰਿਆ ਵਿੱਚ ਜਿਗਰ ਦਾ ਮਹੱਤਵਪੂਰਣ ਯੋਗਦਾਨ ਹੈ। ਮੂੰਹ, ਗਰਾਸ-ਨਲ਼ੀ, ਮਹਿਦੇ ਅਤੇ ਛੋਟੀ ਅੰਤੜੀਆਂ ਰਾਹੀਂ ਭੋਜਨ ਹਜ਼ਮ ਕਰਨ ਦਾ ਕੰਮ ਜਿਗਰ ਦੇ ਯੋਗਦਾਨ ਬਿਨਾਂ ਸੰਪੂਰਨ ਨਹੀਂ ਹੁੰਦਾ। ਖਾਧੇ ਹੋਏ ਭੋਜਨ ਵਿੱਚੋਂ ਮਿਲੀ ਤਾਕਤ ਦਾ ਪ੍ਰਤੀਬਿੰਬ ਜਿਗਰ ਦੀ ਪ੍ਰਕ੍ਰਿਆ ਨਾਲ ਹੀ ਮਿਲਦਾ ਹੈ। ਪਾਚਨ ਕ੍ਰਿਆ ਵਿੱਚ ਯੋਗਦਾਨ ਦੇਣ ਤੋਂ ਇਲਾਵਾ ਜਿਗਰ ਖ਼ੂਨ ਪ੍ਰਵਾਹ ਵਿੱਚ ਪ੍ਰਗਟ ਹੋਣ ਵਾਲੇ ਹਾਨੀਕਾਰਕ ਤੱਤਾਂ ਨੂੰ ਵੀ ਨਸ਼ਟ ਕਰਦਾ ਹੈ। ਇਸ ਤੋਂ ਇਲਾਵਾ ਇਹ ਖ਼ੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਵਿਕਾਸ ਵਿੱਚ ਵੀ ਸਹਾਇਤਾ ਕਰਦਾ ਹੈ। ਜਿਗਰ ਦੀ ਕਮਜ਼ੋਰੀ ਕਾਰਣ ਮਾਨਸਿਕ ਅਸੰਤੁਲਨ, ਯਾਦ-ਸ਼ਕਤੀ ਘਟਣੀ, ਦਾੜ੍ਹੀ-ਮੁੱਛਾਂ ਦੇ ਵਾਲ਼ ਝੜਨੇ, ਜਿਗਰ ਦਾ ਕੈਂਸਰ ਅਤੇ ਪੇਟ ਫੁੱਲਣਾ ਆਦਿ ਜਿਹੇ ਰੋਗ ਹੋ ਜਾਂਦੇ ਹਨ। ਜਿਗਰ ਵਿੱਚ ਆਏ ਵਿਗਾੜਾਂ ਕਾਰਣ ਪੈਰਾਂ ਵਿੱਚ ਸੋਜਸ਼, ਸਰੀਰ ਵਿੱਚ ਖ਼ੂਨ ਦੀ ਕਮੀ, ਥੋੜ੍ਹੀ ਮਿਹਨਤ ਕਰਨ ਨਾਲ ਸਾਹ ਫੁੱਲਣਾ, ਹਿਚਕੀ, ਮੂੰਹ ਵਿੱਚ ਪਾਣੀ ਭਰ ਆਉਣਾ ਆਦਿ ਹੋ ਸਕਦੇ ਹਨ।



**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਪੇਟ ਵਿੱਚ ਜਲਣ, ਖੱਟੇ ਡਕਾਰ, ਪੇਟ ਗੁਬਾਰੇ ਵਾਂਗ ਤਣ ਜਾਣਾ, ਪੇਟ ਵਿੱਚ ਹਵਾ ਜਾਂ ਹਵਾ ਦਾ ਗੋਲ਼ਾ ਘੁੰਮੀ ਜਾਣਾ, ਗੁੜ-ਗੁੜ ਦੀ ਆਵਾਜ਼ ਆਉਣੀ, ਪਿੜ-ਪਿੜ ਦੀ ਆਵਾਜ਼ ਨਾਲ ਹਵਾ ਦਾ ਸਰਨਾ, ਸਿੱਧੇ ਪੈਣ ’ਤੇ ਖਾਧਾ-ਪੀਤਾ ਉੱਪਰ ਨੂੰ ਆਉਣਾ, ਜੀਅ ਕੱਚਾ ਹੋਣਾ (ਅਵੱਤ), ਪੇਟ ਵਿੱਚ ਜ਼ਹਿਰਬਾਦ ਬਣ ਜਾਣਾ ਆਦਿ, ਪਾਚਨ ਕ੍ਰਿਆ ਦੀ ਗੜਬੜੀ ਦਾ ਸੰਕੇਤ ਹੈ। ਇਸ ਤਰ੍ਹਾਂ ਦੇ ਕਸ਼ਟਦਾਈ ਲੱਛਣਾਂ ਨਾਲ ਪੀੜਤ ਵਿਅਕਤੀ ਬੇਚੈਨ ਅਤੇ ਬੇਹਾਲ ਹੋ ਉੱਠਦਾ ਹੈ, ਉਸ ਦਾ ਠੰਢੀਆਂ ਚੀਜ਼ਾਂ ਖਾਣ-ਪੀਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਵਿੱਚ ਠੰਢਾ-ਠਾਰ ਪਾਣੀ, ਠੰਢਾ ਦੁੱਧ, ਆਈਸ-ਕ੍ਰੀਮ ਅਤੇ ਬਰਫ਼ ਚਬਣ ਦਾ ਮਨ ਕਰਨਾ ਸ਼ਾਮਲ ਹੈ।

ਕਸਰਤ ਦੀ ਘਾਟ, ਤਲ਼ੇ ਹੋਏ ਅਤੇ ਮਿਰਚ-ਮਸਾਲਿਆਂ ਵਾਲੇ ਭੋਜਨ ਦਾ ਸੇਵਨ, ਸ਼ਰਾਬ, ਡਰੱਗਜ਼ ਅਤੇ ਦਵਾਈਆਂ ਦੀ ਲੋੜ ਨਾਲੋਂ ਵੱਧ ਵਰਤੋਂ, ਮਨ ਦੇ ਡਰ ਅਤੇ ਚਿੰਤਾਵਾਂ, ਕਾਰੋਬਾਰ ਵਿੱਚ ਘਾਟਾ ਜਾਂ ਆਪਸੀ ਰਿਸ਼ਤਿਆਂ ਦੀ ਤਰੇੜ ਕਾਰਣ ਉਪਜੇ ਮਾਨਸਿਕ ਤਣਾਅ ਕਾਰਣ ਪੇਟ ਦੀ ਗੜਬੜੀ ਦੇ ਲੱਛਣਾਂ ਉਤਪੰਨ ਹੋ ਸਕਦੇ ਹਨ। ਜਿਗਰ ਅਤੇ ਪਾਚਨ ਪ੍ਰਣਾਲੀ ਨਾਲ ਸੰਬੰਧਤ ਹੋਰਨਾ ਰੋਗਾਂ ਤੋਂ ਬਚਣ ਲਈਇਹ ਜ਼ਰੂਰੀ ਹੈ ਕਿ ਭੋਜਨ ਦੀਆਂ ਉਨ੍ਹਾਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ ਜੋ ਇਸ ਦਾ ਕਾਰਣ ਬਣਦੀਆਂ ਹਨ। ਕਈ ਵਾਰੀ ਅਸੀਂ ਬਿਨਾਂ ਭੁੱਖ ਤੋਂ ਵੀ ਖਾਂਦੇ ਹਾਂ, ਬਾਰ-ਬਾਰ ਖਾਈ ਜਾਂਦੇ ਹਾਂ, ਅਨਿਸ਼ਚਿਤ ਸਮੇਂ ’ਤੇ ਖਾਂਦੇ ਹਾਂ, ਬਿਮਾਰੀ ਦੀ ਹਾਲਤ ਵਿੱਚ ਡਾਕਟਰੀ ਸਲਾਹ ਤੋਂ ਬ਼ਗੈਰ ਖਾਂਦੇ ਹਾਂ, ਲੋੜ ਤੋਂ ਵੱਧ ਜਾਂ ਖਾਣ ਸਮੇਂ ਭੋਜਨ ਨੂੰ ਚੰਗੀ ਤਰ੍ਹਾਂ ਨਹੀਂ ਚਬਾਉਂਦੇ, ਜਿਸ ਕਾਰਣ ਹਾਜ਼ਮਾ ਪ੍ਰਭਾਵਿਤ ਹੁੰਦਾ ਹੈ।

ਹੋਮਿਓਪੈਥੀ ਵਿੱਚ ਕਾਰਗਰ ਦਵਾਈਆਂ ਰਾਹੀਂ ਉਪਰੋਕਤ ਅਲਾਮਤਾਂ ਦਾ ਢੁਕਵਾਂ ਇਲਾਜ ਸੰਭਵ ਹੈ। ਹਰ ਰੋਗ ਦੇ ਪਿਛੋਕੜ ਨੂੰ ਅਤੇ ਪੀੜਤ ਵਿਅਕਤੀ ਦੀ ਜੀਵਨਸ਼ੈਲੀ ਨੂੰ ਸਮਝਦਿਆਂ ਹੋਇਆਂ ਢੁਕਵੀਂ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਇਹ ਲਾਜ਼ਮੀ ਹੈ ਕਿ ਪੇਸ਼ਾਵਰ ਹੋਮਿਓਪੈਥਿਕ ਪ੍ਰੈਕਟਿਸ਼ਨਰ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾਵੇ। ਕਿਸੇ ਮਾਹਰ ਸਲਾਹ ਤੋਂ ਬ਼ਗੈਰ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੁਝ ਸਿਰਕੱਢ ਦਵਾਈਆਂ ਹਨ "ਨਕਸਵਾਮੀਕਾ", "ਲਾਈਕੋਪੋਡੀਅਮ", "ਸਲਫ਼ਰ", "ਕਾਰਬੋ-ਵੈੱਜ", "ਸਿਨਕੋਨਾ", "ਮੈਗਮਿਊਰ", "ਹਾਈਡ੍ਰਾਸਟੀਜ਼" ਆਦਿ। ਲੱਛਣਾਂ, ਅਲਾਮਤਾਂ ਅਤੇ ਪੀੜਤ ਵਿਅਕਤੀ ਦੇ ਸੁਭਾਅ ਦਾ ਤਾਲਮੇਲ ਕਰਦਿਆਂ ਢੁਕਵੀਂ ਸਿੰਗਲ ਦਵਾਈ ਦੀ ਚੋਣ ਇਸ ਰੋਗ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਹਰ ਇੱਕ ਕੇਸ ਨੂੰ ਵਖਰੇਵੇਂ ਨਾਲ ਦੇਖਦਿਆਂ ਹੋਇਆਂ, ਅਤੇ ਕੇਸ ਦੀ ਸਹੀ ਪੜਚੋਲ ਕਰਨ ਉਪਰੰਤ ਮਰੀਜ਼ ਲਈ ਢੁਕਵੀਂ ਦਵਾਈ ਦੀ ਚੋਣ ਕਰਦੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਕੈਨੇਡਾ ਦੀ ਧਰਤੀ ‘ਤੇ ਗਦਰ ਲਹਿਰ ਦਾ ਬੂਟਾ ਲਾਉਣ ਵਾਲੇ ਮੋਢੀ ਸਿੱਖ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ

ਡਾ.ਗੁਰਵਿੰਦਰ ਸਿੰਘ



2023 ਵਰ੍ਹੇ ਦੀ ਪਹਿਲੀ ਜਨਵਰੀ ਦਾ ਸੂਰਜ ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਤੱਕਣ ਦਾ ਸਬੱਬ ਬਣਿਆ।ਸੰਸਾਰ ਦੇ ਇਤਿਹਾਸ ਵਿਚ ਬਸਤੀਵਾਦ ਅਤੇ ਗ਼ੁਲਾਮੀ ਦੀ ਜੜ੍ਹ ‘ਲੰਡਨ’ ਵਿੱਚ, ਯੋਧੇ ਸ਼ਹੀਦ ਊਧਮ ਸਿੰਘ ਵੱਲੋਂ ਮਾਈਕਲ ਓਡਵਾਇਰ ਨੂੰ ਸੋਧਣ ਵਾਲੀ ਜਗ੍ਹਾ ਕੈਕਸਟਨ ਹਾਲ ਵਿਖੇ ਪਹੁੰਚ ਕੇ ਇਉਂ ਮਹਿਸੂਸ ਹੋਇਆ, ਜਿਵੇਂ ਸਿੱਖਾਂ, ਪੰਜਾਬੀਆਂ ਅਤੇ ਭਾਰਤ ਵਾਸੀਆਂ ਦੀ ਹੀ ਨਹੀਂ, ਸਗੋਂ ਗੁਲਾਮੀ ਵਿਰੁੱਧ ਲੜਨ ਵਾਲੇ ਦੁਨੀਆਂ ਦੇ ਹਰ ਬਸ਼ਿੰਦੇ ਦੀ ਡਿੱਗੀ ਪੱਗ, ਸਿਰ ਰੱਖਣ ਵਾਲੇ ਯੋਧੇ ਦੀ ਦਾਸਤਾਨ ਅੱਖਾਂ ਸਾਹਮਣੇ ਆ ਗਈ ਹੋਵੇ। ਉਂਝ ਚਾਹੇ ਅਧੂਰਾ ਹੀ ਸਹੀ, ਪਰ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਿਤੇ ਨਾ ਕਿਤੇ ਥੋੜ੍ਹਾ-ਬਹੁਤਾ ਜ਼ਰੂਰ ਮਿਲਦਾ ਹੈ, ਪਰ ਦੂਸਰੇ ਪਾਸੇ ਕੈਨੇਡਾ ਦੇ ਸਿੱਖ ਸ਼ਹੀਦ ਅਤੇ ਗ਼ਦਰ ਦਾ ਬੂਟਾ ਲਗਾਉਣ ਵਾਲੇ ਗ਼ਦਰ ਲਹਿਰ ਦੇ ਮਹਾਨ ਯੋਧੇ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ ਜ਼ਿਕਰ ਨਾਮਾਤਰ ਵੀ ਨਹੀਂ ਮਿਲਦਾ। ਇਹ ਜਾਣਦਿਆਂ ਕਈਆਂ ਨੂੰ ਹੈਰਾਨੀ ਹੋਵੇਗੀ ਕਿ ਭਾਈ ਮੇਵਾ ਸਿੰਘ ਲੋਪੋਕੇ, ਕੈਨੇਡਾ ‘ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਉਹਨਾਂ ਕੈਨੇਡਾ ਅੰਦਰ ਉਸ ਸਮੇਂ ਦੇ ਨਸਲਵਾਦ ਅਤੇ ਭਾਰਤ ਵਿਚਲੇ ਬਸਤੀਵਾਦ ਖ਼ਿਲਾਫ਼ ਜੂਝਦਿਆਂ ਸ਼ਹੀਦੀ ਪਾਈ। ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਦਾ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹ ਸ਼ਹਾਦਤ ਹੀ ਅੱਗਿਓ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਸਣੇ, ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ।1914 ਈ. ਨੂੰ ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਇੱਕ ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਬਦਨਾਮ ਜਸੂਸ ਅਤੇ ਐਂਗਲੋ-ਇੰਡੀਅਨ ਅਧਿਕਾਰੀ ਹਾਪਕਿਨਸਨ ਨੂੰ ਸੋਧਿਆ ਸੀ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ ਜਾ ਕੇ ਮਾਈਕਲ ਉਡਵਾਇਰ ਨੂੰ 1940 ਵਿੱਚ ਸੋਧਣ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ। ਦੁੱਖਦਾਈ ਗੱਲ ਇਹ ਹੈ ਕਿ ਇਹ ਮਹਾਨ ਸ਼ਹੀਦੀ ਕਾਰਨਾਮਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ ‘ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਘੱਟੋ-ਘੱਟ ਪੰਜਾਬ ਦੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਸ਼ਹਾਦਤ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ ‘ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। 20ਵੀਂ ਸਦੀ ਦੇ ਸ਼ੁਰੂ ‘ਚ ਹੋਰਨਾਂ ਪੰਜਾਬੀਆਂ ਵਾਂਗ ਮੇਵਾ ਸਿੰਘ ਵੀ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ। ਉਨ੍ਹਾਂ ਦਿਨੀਂ ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ ‘ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ।

ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਨਸਲਵਾਦ ਅਤੇ ਸਥਾਪਤੀ ਦੇ ਖ਼ਿਲਾਫ਼, ਸਿੱਖ ਇਤਿਹਾਸ ਦੇ ਕੁਰਬਾਨੀਆਂ ਭਰੇ ਜਜ਼ਬੇ ਤੋਂ ਪ੍ਰੇਰਨਾ ਵਜੋਂ ਭਾਈ ਮੇਵਾ ਸਿੰਘ ਲੋਪੋਕੇ ਅੰਦਰ ਆਜ਼ਾਦੀ ਦੀ ਚਿਣਗ, ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਵਿਚਲੇ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਥੇ ਹੀ 21 ਜੂਨ 1908 ਨੂੰ ਗੁਰਦੁਆਰਾ ਸਾਹਿਬ ਵਿਖੇ ਭਾਈ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ ‘ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਆਪ ਗੁਰੂ ਘਰ ਵਿਖੇ ਕੀਰਤਨ ਦੀ ਸੇਵਾ ਕਰਿਆ ਕਰਦੇ ਸਨ। ਹੱਕ, ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਕਿੰਨੀ ਪ੍ਰਬਲ ਅਤੇ ਦ੍ਰਿੜ ਸੀ ਕਿ ਉਹਨਾਂ ਨੇ ਅਜੇ ਵਿਆਹ ਨਹੀਂ ਸੀ ਕਰਵਾਇਆ ਜਦੋਂ ਉਹ ਭਰ ਜੁਆਨੀ ‘ਚ ਸ਼ਹੀਦੀ ਪਾ ਗਏ। ਸ਼ਹੀਦ ਮੇਵਾ ਸਿੰਘ ਦੇ ਜੀਵਨ ‘ਤੇ ਗੁਰੂ ਨਾਨਕ ਜਹਾਜ਼, ਕਾਮਾਗਾਟਾਮਾਰੂ ਜਹਾਜ਼ ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ ‘ਚ ‘ਗੁਰੂ ਨਾਨਕ ਜਹਾਜ਼’ ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ ‘ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ ਕਾਮਾਗਾਟਾਮਾਰੂ ਦੇ ਵਾਪਿਸ ਜਾਣ ਤੋਂ ਪਹਿਲਾਂ ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ ‘ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ। ਕੈਨੇਡਾ ਦੇ ਸ਼ਹਿਰ ਐਬਟਸਫੋਰਡ ‘ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਨੂੰ ਹਿੰਦ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ ਗੁਰੂ ਨਾਨਕ ਜਹਾਜ਼ ਕਾਮਾਗਾਟਾਮਾਰੂ ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ ‘ਤੇ ਸੀ।

4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਪ੍ਰਮੁੱਖ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਾਪਕਿਨਸਨ ਦੀ ਸ਼ਹਿ ‘ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਅਰਦਾਸ ਮੌਕੇ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ। ਇਹ ਕਹਿਣਾ ਬਿਲਕੁਲ ਗਲਤ ਨਹੀਂ ਹੋਵੇਗਾ ਕਿ ਜਿਵੇਂ ਪੰਜ ਸਾਲ ਮਗਰੋਂ ਜਲਿਆਂਵਾਲੇ ਬਾਗ ਅੰਦਰ ਇੱਕਠੇ ਹੋਏ ਲੋਕਾਂ ਜ਼ਾਲਮ ਡਾਇਰ, ਉਡਵਾਇਰ ਵਲੋਂ ਗੋਲੀਆਂ ਚਲਾਈਆਂ ਗਈਆਂ ਸਨ, ਉਸੇ ਤਰ੍ਹਾਂ ਗੁਰਦੁਆਰਾ ਸਾਹਿਬ ਵੈਨਕੂਵਰ ਅੰਦਰ ਜ਼ਾਲਮ ਵਿਲੀਅਮ ਹਾਪਕਿਨਸਨ ਦੇ ਇਸ਼ਾਰੇ ‘ਤੇ ਸੰਗਤਾਂ ਉੱਪਰ ਗੋਲੀਆਂ ਚਲਾਈਆਂ ਗਈਆਂ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਰਦਨਾਕ ਪੰਨਾ ਸੀ, ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਗੁਰਦੁਆਰਾ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਵਾਪਰੀ ਇਸ ਘਟਨਾ ਨੇ ਭਾਈ ਸਾਹਿਬ ਦੇ ਮਨ ਨੂੰ ਪੂਰੀ ਤਰ੍ਹਾਂ ਝੰਜੋੜ ਦਿੱਤਾ ਸੀ।ਉਨ੍ਹਾਂ ਦੀ ਨਜ਼ਰ ‘ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ।

21 ਅਕਤੂਬਰ 1914 ਨੂੰ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ ਵਿੱਚ ਤਾਣਦੀਆਂ ਸਾਰ ਹੀ ਗੋਲੀਆਂ ਦਾਗ਼ ਦਿੱਤੀਆਂ। ਹਾਪਕਿਨਸਨ ਮੌਕੇ ‘ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ

(ਬਾਕੀ ਸਫਾ ਏ24 ਤੇ)


**LANGLEY BANQUET HALL**



SERVICE AVAILABLE IN SURREY, DELTA, LANGLEY & ALDERGROVE

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

**6 DAY TIFFIN SERVICE**
**4 DAY VEG / 2 DAY NON VEG**
1 DAAL 1 SABZI 8 ROTI
WITH RAITA AND DESSERT
220$ a month
OR
**6 DAY VEG**
1 DAAL 1 SABZI
8 ROTI WITH RAITA AND
DESSERT 200$ month

**ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ**
**ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ**



**DAVINDER GREWAL**
**604.537.9759**
3227 264 St. Aldergrovw, BC V4W2X3



**AMAYA LIVING**



**60 LUXURIOUS CONDOS**
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

**KITCHEN**
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

**BATHROOM**
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories **WARRANTY • 2-5-10 year**

**PH:778-885.6700**
**Add:140 St & 108 Ave, Surrey, BC V3T 4N8**
**E-mail: info@amayaliving.ca**

# ਕਾਵਿ ਕਿਆਰੀ

## ਦਸ਼ਮੇਸ਼ ਪਿਤਾ ਜੀ ਦੀ ਸਿਫਤਾਂ

ਦਸ਼ਮੇਸ਼ ਕਹਾਂ ਜਾਂ ਕਲਗੀਧਰ ਆਖਾਂ,
ਜਾਂ ਨੀਲੇ ਦਾ ਸ਼ਾਹ ਅਸਵਾਰ ਕਹਾਂ ?
ਜੀਹਦੇ ਸਿਰ ਤੇ ਕਲਗੀ ਸਜੀ ਹੋਈ ,
ਜਾਂ ਮਜਲੂਮਾਂ ਦਾ ਪਹਿਰੇਦਾਰ ਕਹਾਂ ?
ਜੀਹਦੀ ਕਲਮ ਨੇ ਸੋਹਣੇ ਹਰਫ ਲਿਖੇ,
ਐਸਾ ਜੱਗ ਤੇ ਲਾਸਾਨੀ ਸਾਹਿਤਕਾਰ ਕਹਾਂ ?
ਜੀਹਦੇ ਹੱਥ ਤੇ ਬਸੇਰਾ ਬਾਜਾਂ ਦਾ,
ਬਾਦਸ਼ਾਹ ਦਰਵੇਸ਼ ਦਿਲਦਾਰ ਕਹਾਂ ?

ਮਰਦ ਅਗੰਮੜਾ ਜਾਂ ਅੰਮ੍ਰਿਤ ਦਾਤਾ
ਜਾਂ ਨੰਦ ਲਾਲ ਦਾ ਪਿਆਰ ਕਹਾਂ ?
ਸੰਤ ਸਿਪਾਹੀ ਕਿ ਸਰਬੰਸ ਦਾ ਦਾਨੀ,
ਜਾਂ ਮੈਦਾਨੇ ਜੰਗ ਦਾ ਸਰਦਾਰ ਕਹਾਂ ?

ਪੰਥ ਦਾ ਵਾਲੀ ਸਮਸ਼ੇਰ ਬਹਾਦਰ,
ਜਾਂ ਕਿਰਪਾਨਿਧ ਗੁਪਾਲ ਕਹਾਂ !
ਹਰ ਇੱਕ ਦੁੱਖ ਦਾ ਦਾਰੂ ਸਤਿਗੁਰ,
ਜਾਂ ਜੋਗੇ ਦਾ ਰਖਵਾਲ ਕਹਾਂ !
ਨੂਰ ਖੁਦਾਈ ਕਿ ਸੰਤਾਂ ਦਾ ਰਾਖਾ,
ਜਾਂ ਦੁਸ਼ਟਾਂ ਦਾ ਕਾਲ ਕਹਾਂ !
ਚਿੱਟਿਆਂ ਬਾਜਾਂ ਵਾਲਾ ਸ਼ਹਿਨਸ਼ਾਹ,
ਜਾਂ ਗਊ ਗਰੀਬ ਦੀ ਢਾਲ ਕਹਾਂ !

ਸਮਾਜ ਸੁਧਾਰਕ, ਸੱਚ ਦਾ ਰਹਿਬਰ,
ਜਾਂ ਬਾਣੀ ਦਾ ਆਸ਼ਕ ਆਖਾਂ !
ਪਰਉਪਕਾਰੀ, ਗਿਆਨ ਦੀ ਮੂਰਤ,
ਜਾਂ ਇੱਕ ਅਕਾਲ ਦਾ ਉਪਾਸ਼ਕ ਆਖਾਂ !

ਆਪੇ ਗੁਰੂ ਤੇ ਆਪ ਈ ਚੇਲਾ,
ਕਈ ਜਰਨੈਲ ਲਾਸਾਨੀ ਆਖਣ !
ਕਈ ਸੁੱਖਾਂ ਦਾ ਸਾਗਰ ਕਹਿੰਦੇ,
ਕਈ ਪੁੱਤਰਾਂ ਦਾ ਦਾਨੀ ਆਖਣ !
ਅੰਤਰਯਾਮੀ, ਬਚਨਾਂ ਦਾ ਪੂਰਾ,
ਕਈ ਤਾਂ ਜੋਤ ਨੂਰਾਨੀ ਆਖਣ!
ਜ਼ੁਲਮ ਤੇ ਜ਼ਾਲਮ ਨੂੰ ਮੇਟਣ ਵਾਲਾ,
ਧੰਨ ਤੇਰੀ ਕੁਰਬਾਨੀ ਆਖਣ!

ਰੋਗ ਸੋਗ ਤੇ ਦੁੱਖ ਦਾ ਦਾਰੂ,
ਜਾਂ ਮਿਹਰਾਂ ਦਾ ਸਾਂਈ ਆਖਾਂ ।
ਸੱਚ ਦਾ ਸੂਰਜ, ਨੇਕੀ ਦਾ ਸਾਗਰ,
ਜਾਂ ਫਿਰ ਰੂਪ ਇਲਾਹੀ ਆਖਾਂ ।

ਹਿੰਦ ਦੇ ਭਾਗ ਜਗਾਵਣ ਵਾਲਿਆ,
ਨਿਤਾਣਿਆਂ ਨੂੰ ਤਾਣ ਬਖਸ਼ਿਆ ।
ਬੁੱਧੂ ਸ਼ਾਹ ਦਾ ਧੀਰਜ ਬਣਕੇ,
ਨਿਮਾਣਿਆਂ ਨੂੰ ਮਾਣ ਬਖਸ਼ਿਆ ।
ਬਾਜਾਂ ਦੇ ਖੰਭ ਨੋਚਣ ਲੱਗੀਆਂ,
ਚਿੜੀਆਂ ਨੂੰ ਕੀ ਪਾਣ ਚੜ੍ਹਾਈ।
ਗਿੱਦੜਾਂ ਨੂੰ ਕੀ ਘੋਲ ਪਿਆਇਆ,
ਜਿਨ ਸ਼ੇਰਾਂ ਦੀ ਅਲਖ ਮੁਕਾਈ।

ਨੀਚ ਕਹਿ ਕੇ ਦੁਰਕਾਰੇ ਗਿਆ ਨੂੰ,
ਤੂੰ ਹੀ ਚੁੱਕ ਕੇ ਹਿੱਕ ਨਾ ਲਾਇਆ ।
"ਭੁੱਲੜਾ" ਸਭ ਨੂੰ ਸਿੰਘ ਸਜਾ ਕੇ,
ਆਪਣਾ ਨਾਦੀ ਪੁੱਤ ਬਣਾਇਆ ।



**ਸੁਖਦੇਵ ਸਿੰਘ ਭੁੱਲੜ**

## ਲੋਹੜੀ ਤੇ ਵਿਸ਼ੇਸ਼

ਧੀਆਂ,ਖੁਸ਼ਬੂ,ਫ਼ਸਲਾਂ,ਕਿਣਮਿਣ,ਲੋਹੜੀ ਦਾ ਤਿਉਹਾਰ।
ਸ਼ੁੱਭਇਛਾਵਾਂ ਵਾਲੀ ਗੁੜ੍ਹਤੀ ਸਾਡਾ ਸਭਿਆਚਾਰ।
ਅਗਰ ਕਿਸਾਨ ਬਣੇਂ ਖ਼ੁਸ਼ਹਾਲ, ਕੁਸੈਲੇ ਮੌਸਮ ਛੱਡੇ।
ਦੂਰ ਰਵੇ ਮਾੜੀ ਸੰਗਤ ਤੋਂ ਕਰਜ਼ੇ ਦਾ ਗ਼ਮ ਛੱਡੇ।
ਭਾਰਤ ਮਾਂ ਦੇ ਸੁੱਖਾਂ ਅੰਦਰ ਭਰਦਾ ਰਏ ਭੰਡਾਰ।
ਧੀਆਂ ਖੁਸ਼ਬੂ ਫ਼ਸਲਾਂ ਕਿਣਮਿਣ ਲੋਹੜੀ ਦਾ ਤਿਉਹਾਰ।
ਵਿਕਸਿਤ ਦੇਸ਼ਾਂ ਵਾਂਗੂੰ ਇਥੇ ਮੁੱਕੇ ਬੇਰੁਜ਼ਗਾਰੀ।
ਬਾਜ਼ਾਰੀਕਰਨ ਦੇ ਮਸਤਕ ਤੇ ਹੋਵੇ ਫਿਰ ਸਰਦਾਰੀ।
ਅਲਬੱਤਾ ਮਿਹਨਤ ਦੇ ਸਿਰ ਤੇ ਹੋਵੇਗਾ ਸਤਿਕਾਰ।
ਧੀਆਂ ਖੁਸ਼ਬੂ ਫ਼ਸਲਾਂ ਕਿਣਮਿਣ ਲੋਹੜੀ ਦਾ ਤਿਉਹਾਰ।
ਉਠਣ ਜਵਾਨਾਂ,ਜਾਗ ਜਵਾਨਾਂ ਨਸ਼ਿਆਂ ਦਾ ਸੱਪ ਮਾਰ।
ਰਹਿਬਰ ਵਾਲੀ ਵਰਮੀ ਵਿੱਚੋਂ ਆਪਣੇ ਕਢੱ ਅਧਿਕਾਰ।
ਦੇਸ਼ ਕਦੋਂ ਦਾ ਲੱਭਦਾ ਫਿਰਦਾ ਤੇਰਾ ਸੱਚਾ ਪਿਆਰ।
ਧੀਆਂ ਖੁਸ਼ਬੂ ਫ਼ਸਲਾਂ ਕਿਣਮਿਣ ਲੋਹੜੀ ਦਾ ਤਿਉਹਾਰ।
ਸੂਹੇ ਸੁਰਖ਼ ਗੁਲਾਬੀ ਫੁੱਲਾਂ ਦਾ ਹੋਵੇ ਪ੍ਰਬੰਧ।
ਹਾਸੇ, ਖੁਸ਼ੀਆਂ,ਖੇੜ੍ਹੇ ਵਾਲੀ ਪੈਦਾ ਕਰ ਗੁਲਕੰਦ।
ਸੂਰਜ ਬਣ ਕੇ ਦੂਰ ਕਰੀ ਜਾ ਘਰ ਘਰ ਚੋਂ ਅੰਧਕਾਰ।
ਧੀਆਂ ਖੁਸ਼ਬੂ ਫ਼ਸਲਾਂ ਕਿਣਮਿਣ ਲੋਹੜੀ ਦਾ ਤਿਉਹਾਰ।
ਮੁਸਕਾਨ ਲਬਾਂ ਤੇ ਪੈਦਾ ਕਰ ਨੀਮ ਕਿਰਮਚੀ ਸੰਦਲੀ।
ਬਾਲਮ, ਵੇਖੀਂ ਮਰ ਜਾਣੀਂ ਏਂ ਸਾਰੀ ਨੀਤੀ ਗੰਦਲੀ।
ਖਿੜ੍ਹਣ ਸ਼ਗੂਫੇ ਮੰਗਲਕਾਰੀ ਗੁਲਸ਼ਨ ਦਾ ਵਿਓਪਾਰ।
ਧੀਆਂ ਖੁਸ਼ਬੂ ਫ਼ਸਲਾਂ ਕਿਣਮਿਣ ਲੋਹੜੀ ਦਾ ਤਿਉਹਾਰ।

**ਬਲਵਿੰਦਰ ਬਾਲਮ ਗੁਰਦਾਸਪੁਰ**

## ਨਸ਼ਾ, ਲੀਡਰ ਤੇ ਤਸਕਰ

ਨਸ਼ਾ ਅੱਜ ਸਰਕਾਰ ਨੇ ਆਮ ਕਰਤਾ,
ਜਿਵੇਂ ਅਮਲੀਆਂ ਦਾ ਬਣਦਾ ਹੱਕ ਮੀਆਂ।
ਹੁਣ ਉਹ ਵੀ ਨਸ਼ੇ ਤੇ ਅਸਾਂ ਲਾਉਣੇ,
ਜਿਨ੍ਹਾਂ ਲਾਇਆ ਨਹੀਂ ਮੂੰਹ ਅਜੇ ਤਕ ਮੀਆਂ।
ਸਾਰੇ ਪੰਜਾਬ ਵਿਚ ਸਮੈਕ ਆਮ ਕਰਨੀ,
ਭੇਜੂ ਦਿੱਲੀ ਤੋਂ ਸਿਧੇ ਟਰੱਕ ਮੀਆਂ।
ਥੱਲੇ ਬੋਰੀਆਂ ਦੇ ਪੋਸਤ ਅਫ਼ੀਮ ਆਊ,
ਉਤੇ ਲੱਦੂ ਡਰਾਈਵਰ ਫੱਕ ਮੀਆਂ।
ਸਾਰੇ ਪੰਜਾਬ ਨੂੰ ਨਸ਼ੇ ਤੇ ਅਸਾਂ ਲਾਉਣਾ,
ਤਾਹੀਉਂ ਰਹੂ ਸਰਕਾਰ ਦਾ ਨੱਕ ਮੀਆਂ।
ਅਸੀਂ ਅਮਲੀ ਸ਼ੇਰ ਬਣਾ ਦੇਣੇ,
ਦੇਣਾ ਬਣਦਾ ਉਹਨਾਂ ਦਾ ਹੱਕ ਮੀਆਂ।
ਬਾਪੂ ਗੋਡਿਆਂ ਨੂੰ ਫੜ ਕੇ ਨਾ ਉੱਠੂ,
ਨਿੱਤ ਦੁਖਦਾ ਨਹੀਂ ਫਿਰ ਲੱਕ ਮੀਆਂ।
ਕੋਈ ਕਹੇ ਨਾ ਮੈਨੂੰ ਨਹੀਂ ਮਿਲਿਆ,
ਟਾਈਮ ਲੱਗ ਜੂ ਆਹ ਚੱਕ ਮੀਆਂ।
ਕਈ ਅਮਲੀ ਅਜੇ ਨੇ ਬਹੁਤ ਕੱਚੇ,
ਪੂਰੇ ਲੈਣ ਦੇ ਇਨ੍ਹਾਂ ਨੂੰ ਪੱਕ ਮੀਆਂ।
ਅੰਦਰ ਲੰਘ ਆਉ ਜਿਸ ਵੀ ਕੰਮ ਆਏ,
ਇਨ੍ਹਾਂ ਅਫ਼ਸਰਾਂ ਕੋਲੋਂ ਨਾ ਝੱਕ ਮੀਆਂ।
ਮੇਰੇ ਸਿਰ ਤੇ ਹੱਥ ਸਰਕਾਰ ਦਾ ਏ,
ਲਾ ਦੇਣੇ ਨੇ ਪੂਰੇ ਜੱਕ ਮੀਆਂ।
'ਸੰਧੂ' ਘੋੜੇ ਵਾਂਗ ਅਮਲੀ ਫਿਰਨ ਭੱਜੇ,
ਛੱਡੀ ਕਸਰ ਨਾ ਹੁਣ ਕੀ ਸ਼ੱਕ ਮੀਆਂ।–

**– ਹਰੀ ਸਿੰਘ ਸੰਧੂ ਸੁਖੇ ਵਾਲਾ ਜ਼ੀਰਾ**

## ਦੋ-ਮੂੰਹੇਂ ਲੋਕ

ਦੋ-ਮੂੰਹੇਂ ਲੋਕ ਵੀ ਹੁੰਦੇ ਹੱਦੋਂ ਵੱਧ ਮਾੜੇ,
ਜੋ ਅੰਦਰੋਂ ਅੰਦਰ ਚਲਾਉਣ ਡੰਗ ਮੀਆਂ।
ਇਕ ਮੂੰਹ ਨਾਲ ਤਾਂ ਜਾਲ ਸੁਟਦੇ,
ਦੂਜੇ ਮੂੰਹ ਨਾਲ ਰੰਗ 'ਚ ਪਾਉਣ ਭੰਗ ਮੀਆਂ।
ਕਈ ਕਰ ਕੇ ਇਤਬਾਰ ਡੁੱਬ ਜਾਂਦੇ,
ਇਹ ਛੱਡ ਕੇ ਚੱਲ ਜਾਂਦੇ ਵਿਚ ਝੰਗ ਮੀਆਂ।
ਇਹਨਾਂ ਨਾਲ ਨਜਿਠਣਾ ਹੈ ਔਖਾ,
ਲੱਭਣਾ ਪੈਂਦਾ ਕੋਈ ਬਚਣ ਦਾ ਢੰਗ ਮੀਆਂ।
ਮਾਰ ਮਾਰ ਕੇ ਬੁਛਕਰਾਂ ਕਰਨ ਤੰਗ,
ਸੋਚੀਏ ਇਹ ਤਾਂ ਸੀ ਸਾਡੇ ਅੰਗ-ਸੰਗ ਮੀਆਂ।
ਸਵਾਦ ਭਾਲਦੇ ਹਰ ਇਕ ਗੱਲ ਵਿਚੋਂ,
ਜੁਗਾੜ ਲਾ ਕੇ ਲਵਾਉਂਦੇ ਜੰਗ ਮੀਆਂ।
ਤਰੱਕੀ ਕਰਦੇ ਨੂੰ ਡਰਾ ਕੇ ਰੋਕ ਦੇਣ,
ਤਰਕੀਬ ਨਾਲ ਦੇਣ ਸੂਲੀ 'ਤੇ ਟੰਗ ਮੀਆਂ।
'ਤਰਸੇਮ' ਬਚ ਜਾ ਤੈਨੂੰ ਵੀ ਨਸੀਹਤ,
ਚੜ੍ਹਾ ਲਈਂ ਨਾ ਇਨ੍ਹਾਂ ਜਿਹਾ ਰੰਗ ਮੀਆਂ।

**– ਤਰਸੇਮ ਲੰਡੇ**

## ਨਵਾਂ ਸਾਲ ਏਸ ਵਾਰੀ...

ਸੰਜੀਵ ਸੀਬੂ ਦਿੜ੍ਹਬਾ

ਨਵਾਂ ਚਾਅ ਨਵਾਂ ਰਾਹ ਲੈ ਕੇ ਆਵੇ
ਨਵਾਂ ਸਾਲ ਏਸ ਵਾਰੀ,
ਨਵੀਆਂ ਖ਼ੁਸ਼ੀਆਂ ਲੈ ਕੇ ਆਵੇ
ਨਵੀਂ ਸੋਚ ਨੂੰ ਵਧਾਵੇ।
ਲੈ ਕੇ ਆਵੇ ਫੁੱਲਾਂ ਦੀ ਬਹਾਰ
ਨਵਾਂ ਸਾਲ ਏਸ ਵਾਰੀ,
ਜਾਵੇ ਮੇਰਾ ਦੇਸ਼ ਅੱਗੇ ਹੋਰ,
ਲਾਉਣ ਦੇਸ਼ ਵਾਸੀ ਪੂਰਾ ਜ਼ੋਰ।
ਗ਼ਰੀਬੀ ਹੋ ਜਾਵੇ ਕੋਹਾਂ ਦੂਰ,
ਕੰਮ ਮਿਲੇ ਸਭ ਨੂੰ ਜ਼ਰੂਰ,
ਲੱਗੇ ਨਾ ਕੋਈ ਰੁਜ਼ਗਾਰ ਲਈ
ਕਤਾਰ ਏਸ ਵਾਰੀ।
ਲਹਿਜੇ ਦੁਨੀਆਂ ਤੋਂ ਬੋਝ ਹੋ ਜਾਵੇ
ਨਵੀਂ ਕੋਈ ਖੋਜ,
ਸਹੇ ਨਾ ਕੋਈ ਅਨਪੜ੍ਹਤਾ ਦੀ ਮਾਰ ਏਸ ਵਾਰੀ।
ਮੌਜਾਂ ਮਾਣੇ ਇਹ ਜਹਾਨ,
ਬੱਚਾ, ਬੁੱਢਾ ਹੋਵੇ ਜਾਂ ਜਵਾਨ,
ਰਹੇ ਨਾ ਕੋਈ ਸੋਚ ਤੇ ਸਰੀਰ ਦਾ ਬਿਮਾਰ ਏਸ ਵਾਰੀ।
ਗਾਉਣ ਖ਼ੁਸ਼ੀਆਂ ਦੇ ਗੀਤ,
ਜਿਉਂਦਾ ਰਹੇ ਗੀਤ ਸੰਗੀਤ,
ਵਧਾਏ ਇਹ ਚਾਰੇ ਪਾਸੇ ਹੋਰ ਵੀ ਪਿਆਰ ਏਸ ਵਾਰੀ।
ਇਹ ਕਹਿਣੋਂ ਵੀ ਨਾ ਸੰਗਾਂ,
ਮੰਗੀਆਂ ਪਹਿਲਾਂ ਵੀ ਨੇ ਮੰਗਾਂ,
ਪਰ ਅੱਖਾਂ ਬੰਦ ਕੀਤੀ 'ਸੀਬੂ' ਨੇ ਪੁਕਾਰ ਏਸ ਵਾਰੀ।




# ਕੈਨੇਡਾ 'ਚ ਪੰਜਾਬੀ ਨੌਜਵਾਨਾਂ ਦੀ ਮੌਤ ਦਾ ਸੱਚ

ਕੈਨੇਡਾ ਵਿੱਚ ਬਹੁਤ ਸਾਰੇ ਨੌਜਵਾਨਾਂ ਦੀ ਅਚਾਨਕ ਮੌਤ ਹੋ ਰਹੀ ਹੈ। ਸਭ ਦੀ ਮੌਤ ਦੇ ਕਾਰਨ ਵੱਖੋ-ਵੱਖ ਹਨ ਪਰ ਕਿਹਾ ਇਹੀ ਜਾ ਰਿਹਾ ਕਿ ਅਚਾਨਕ ਦਿਲ ਦਾ ਦੌਰਾ ਪੈ ਗਿਆ ਜਾਂ ਦਿਲ ਬੰਦ ਹੋ ਗਿਆ। ਅਸਲ ਜਾਣਕਾਰੀ ਮੌਤ ਤੋਂ ਕੁਝ ਮਹੀਨੇ ਬਾਅਦ ਪੁਲਿਸ ਅਤੇ ਕੌਰਨਰ ਸਰਵਿਸ ਵਲੋਂ ਮ੍ਰਿਤਕ ਦੇ ਮਾਪਿਆਂ ਜਾਂ ਸਕੇ-ਸਬੰਧੀਆਂ ਨੂੰ ਦੇ ਦਿੱਤੀ ਜਾਂਦੀ ਹੈ, ਜੋ ਕਿ ਗੁਪਤ ਰਹਿੰਦੀ ਹੈ। ਜੇਕਰ ਬੀਤੇ ਦੋ ਸਾਲਾਂ ਦੌਰਾਨ ਇਸ ਤਰਾਂ ਮਾਰੇ ਗਏ ਸਾਰੇ ਨੌਜਾਵਨਾਂ ਦੀਆਂ ਆਟੋਪਸੀ ਰਿਪੋਰਟਾਂ, ਜਿਸਨੂੰ ਪੰਜਾਬ 'ਚ ਪੋਸਟ ਮਾਰਟਮ ਰਿਪੋਰਟ ਕਿਹਾ ਜਾਂਦਾ ਹੈ, 'ਤੇ ਖੋਜ ਕੀਤੀ ਜਾਵੇ ਜਾਂ ਮਾਪੇ ਖੁਦ ਆਣ ਕੇ ਦੱਸ ਦੇਣ ਤਾਂ ਸਾਰੀ ਗੱਲ ਸਪੱਸ਼ਟ ਹੋ ਸਕਦੀ ਹੈ ਪਰ ਅਜਿਹਾ ਹੋ ਨਹੀਂ ਰਿਹਾ।

ਕੁਝ ਕੇਸਾਂ ਵਿੱਚ ਲਾਸ਼ ਪਿੱਛੇ ਭੇਜਣ ਕਾਰਨ ਸ਼ਾਮਲ ਹੋਣਾ ਪਿਆ ਤੇ ਗੱਲਾਂ ਹੋਰ ਨਿਕਲੀਆਂ, ਜੋ ਕੋਈ ਵੀ ਬਾਹਰ ਨਹੀਂ ਕੱਢਦਾ। ਕਈਆਂ ਨੇ ਤਾਂ ਆਪ ਹੀ ਦੱਸ ਦਿੱਤਾ ਤੇ ਕਈਆਂ ਨੂੰ ਖੁਦ ਵੀ ਪਤਾ ਆਟੋਪਸੀ ਰਿਪੋਰਟ ਤੋਂ ਲੱਗਾ।ਮ੍ਰਿਤਕਾਂ ਦੇ ਪਰਿਵਾਰਕ ਜੀਆਂ, ਡਾਕਟਰਾਂ, ਨਰਸਾਂ, ਨੌਜਵਾਨਾਂ ਦੇ ਹਾਣੀਆਂ ਨਾਲ ਹੁੰਦੀ ਗੱਲਬਾਤ ਤੋਂ ਜੋ ਕਾਰਨ ਸਾਹਮਣੇ ਆਏ, ਉਸ ਵਿੱਚ ਸਭ ਤੋਂ ਵੱਡੇ ਦੋ ਕਾਰਨ ਸਨ।ਪਹਿਲਾ ਕਾਰਨ- ਹੈਰੋਇਨ, ਅਫੀਮ, ਭੰਗ ਦੀ ਓਵਰਡੋਜ਼ ਕਾਰਨ ਮੌਤ। ਮ੍ਰਿਤਕ ਨੇ ਇਹ ਨਸ਼ਾ ਆਪ ਕੀਤਾ ਜਾਂ ਨਾਲਦਿਆਂ ਦੇ ਕਹਿਣ 'ਤੇ ਕੀਤਾ, ਇਸ ਬਾਰੇ ਕੁਝ ਕਹਿਣਾ ਔਖਾ ਹੁੰਦਾ ਹੈ ਪਰ ਇਹ ਵੱਡਾ ਕਾਰਨ ਹੈ। ਹਰ ਮਹੀਨੇ ਦਰਜਨਾਂ ਨੌਜਵਾਨ ਮੁੰਡੇ ਅਤੇ ਕੁੜੀਆਂ ਸਰੀ ਹਸਪਤਾਲ ਵਾਲੇ ਬਚਾਉਂਦੇ ਹਨ, ਜੋ ਅਫੀਮ ਜਾਂ ਭੰਗ ਨਾਲ ਓਵਰਡੋਜ਼ ਹੋ ਕੇ ਪੁੱਜਦੇ ਹਨ। ਇਹ ਗੱਲਾਂ ਦੱਬੀਆਂ ਰਹਿ ਜਾਂਦੀਆਂ ਹਨ। ਕੋਈ ਵੀ ਕਰਕੇ ਮਾੜਾ ਨੀ ਬਣਨਾ ਚਾਹੁੰਦਾ ਪਰ ਜਦੋਂ ਇਹੀ ਡਾਕਟਰ-ਨਰਸਾਂ ਮੀਡੀਏ ਨੂੰ ਮਿਲਦੇ ਹਨ ਤਾਂ ਵਾਰ-ਵਾਰ ਕਹਿੰਦੇ ਹਨ ਕਿ ਨੌਜਵਾਨਾਂ ਨੂੰ ਜਾਗਰੂਕ ਕਰੋ, ਬਹੁਤ ਕੰਮ ਵਧ ਗਿਆ। ਜਿਸਨੇ ਪਹਿਲੀ ਵਾਰ ਅਜਿਹਾ ਨਸ਼ਾ ਕਰਨਾ ਹੁੰਦਾ, ਉਸਦੇ ਓਵਰਡੋਜ਼ ਦੇ ਚਾਂਸ ਬਹੁਤ ਜ਼ਿਆਦਾ ਹੁੰਦੇ। ਪਾਰਟੀ ਕਰਨ ਦੇ ਚੱਕਰ ਵਿੱਚ ਹੀ ਨੌਜਵਾਨ ਓਵਰਡੋਜ਼ ਹੋ ਰਹੇ ਹਨ।ਮੇਰੇ ਵਰਗੇ ਅਨੇਕਾਂ ਮੀਡੀਆ ਵਾਲੇ ਸਾਰਾ ਸਾਲ ਹੋਕਾ ਦਿੰਦੇ ਰਹਿੰਦੇ ਹਨ ਕਿ ਨਸ਼ੇ ਨਾ ਕਰੋ, ਮਿਲਾਵਟ ਬਹੁਤ ਹੋ ਰਹੀ, ਫੈਂਟਾਨਿਲ ਨੇ ਕਈ ਮਾਰ ਦਿੱਤੇ ਪਰ ਕੋਈ ਨੀ ਸੁਣਦਾ। ਕਈਆਂ ਨੂੰ ਖਰਚੇ ਪੂਰੇ ਕਰਨ ਲਈ ਕੰਮ ਸਖਤ ਕਰਨਾ ਪੈਂਦਾ। ਸਖਤ ਕੰਮ ਲਈ ਸਰੀਰ 'ਚ ਜਾਨ ਪਾਉਣ ਵਾਸਤੇ ਨਸ਼ਿਆਂ ਦੀ ਵਰਤੋਂ ਕੀਤੀ ਜਾਂਦੀ ਤੇ ਫਿਰ ਪੱਕੇ ਲੱਗ ਜਾਂਦੇ। ਹਰੇਕ ਦਾ ਸਰੀਰ ਵੱਖੋ ਵੱਖਰਾ, ਕੋਈ ਥੋੜੇ ਜਿਹੇ ਨਸ਼ੇ ਨਾਲ ਵੀ ਓਵਰਡੋਜ਼ ਹੋ ਸਕਦਾ ਤੇ ਕੋਈ ਬਹੁਤ ਸਾਰਾ ਨਸ਼ਾ ਕਰਕੇ ਵੀ ਬਚਿਆ ਰਹਿ ਸਕਦਾ। ਪਤਾ ਸਭ ਨੂੰ ਹੈ ਕਿ ਆਲੇ-ਦੁਆਲੇ ਕੀ ਹੋ ਰਿਹਾ ਪਰ ਕੋਈ ਬੋਲਦਾ ਨਹੀਂ।

ਦੂਜਾ ਵੱਡਾ ਕਾਰਨ ਹੈ ਮਾਨਸਿਕ ਤਣਾਅ, ਜਿਸਦੇ ਚਲਦਿਆਂ ਨੌਜਵਾਨ ਨਸ਼ੇ ਕਰਦੇ ਹਨ ਜਾਂ ਖੁਦਕੁਸ਼ੀ। ਨਵੇਂ ਆਇਆਂ ਨੂੰ ਉਸ ਕੈਨੇਡਾ ਦੇ ਦਰਸ਼ਨ ਹੁੰਦੇ ਹਨ, ਜੋ ਪੰਜਾਬ ਨਾਲੋਂ ਵੀ ਭੈੜਾ। ਨਾ ਕੰਮ ਮਿਲਦਾ, ਨਾ ਵਰਕ ਪਰਮਿਟ। ਕੰਮ ਕਰਾ ਕੇ ਕਈ ਵਾਰ ਪੈਸੇ ਨਹੀਂ ਮਿਲਦੇ ਜਾਂ ਘੱਟ ਮਿਲਦੇ ਹਨ। ਰਹਿਣ ਦੀ ਟੈਂਸ਼ਨ, ਪੱਕੇ ਹੋਣ ਦੀ ਟੈਂਸ਼ਨ, ਪਿਛਲਿਆਂ ਦੀਆਂ ਆਸਾਂ 'ਤੇ ਪੂਰਾ ਉਤਰਨ ਦੀ ਟੈਂਸ਼ਨ, ਸੈੱਟ ਹੋਣ ਦੀ ਟੈਂਸ਼ਨ, ਹੋਰਾਂ ਵਰਗੇ ਬਣਨ ਦੀ ਟੈਂਸ਼ਨ। ਇਹ ਬਹੁਤ ਵੱਡੇ ਮਾਨਸਿਕ ਤਣਾਅ 'ਚੋਂ ਗੁਜ਼ਰਨ ਵਾਲੀ ਗੱਲ ਹੁੰਦੀ। ਹਰ ਨੌਜਵਾਨ ਦਾ ਸੁਭਾਅ ਤੇ ਜੰਮਣ-ਪਲਣ ਦਾ ਮਾਹੌਲ ਵੱਖੋ ਵੱਖਰਾ ਹੁੰਦਾ, ਅੱਗੇ ਸਾਥ ਕਿਹੋ ਜਿਹਾ ਮਿਲਿਆ, ਉਸ 'ਤੇ ਵੀ ਨਿਰਭਰ ਕਰਦਾ। ਬਹੁਤੇ ਇਸ ਨਰਕ ਨੂੰ ਹੰਢਾ ਕੇ ਸਫਲ ਹੋ ਜਾਂਦੇ, ਅੱਗ 'ਚ ਪੈ ਕੇ ਸੋਨਾ ਬਣ ਜਾਂਦੇ ਪਰ ਕਈ ਇਸ ਕਠਿਨ ਰਾਹ 'ਤੇ ਡੋਲ ਜਾਂਦੇ ਜਾਂ ਹਾਲਾਤ ਹੀ ਅਜਿਹੇ ਬਣ ਜਾਂਦੇ ਕਿ ਕੋਈ ਰਾਹ ਹੀ ਨਹੀਂ ਦਿਸਦਾ।ਅਸਲੀ ਦਿਲ ਦਾ ਦੌਰਾ ਪੈਣਾ, ਕਰੋਨਾ ਟੀਕੇ ਵੀ ਕਾਰਨ ਹੋ ਸਕਦੇ ਹਨ ਪਰ ਉਪਰ ਦੋ ਬਿਆਨੇ ਕਾਰਨ ਮੁੱਖ ਹਨ, ਕੋਈ ਮੰਨੇ ਜਾਂ ਨਾ।ਇਸਦੀ ਰੋਕਥਾਮ ਇਹੀ ਹੈ ਕਿ ਪੰਜਾਬੋਂ ਆ ਰਿਹਾ ਬੱਚਾ ਮਜ਼ਬੂਤ ਮਨ ਅਤੇ ਇਹ ਸਮਝ ਕੇ ਆਵੇ ਕਿ ਉੱਥੇ ਜਾ ਕੇ ਔਖ ਆਉਣੀ ਹੀ ਆਉਣੀ ਹੈ। ਘਰਦੇ ਵੀ ਆਸਾਂ ਘਟਾ ਕੇ ਰੱਖਣ। ਨਸ਼ੇ ਬਾਰੇ ਗਿਆਨ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਇੱਕ ਹੀ ਗਲਤੀ ਆਖਰੀ ਗਲਤੀ ਹੋ ਸਕਦੀ ਹੈ।ਬਾਕੀ ਇਧਰਲੇ ਜੰਮਪਲ ਨੌਜਵਾਨ ਵੀ ਓਵਰਡੋਜ਼ ਨਾਲ ਬਹੁਤ ਮਰ ਰਹੇ ਹਨ ਪਰ ਉਸਦਾ ਰੌਲਾ ਨਹੀਂ ਪੈਂਦਾ। ਸਿਰਫ ਨਜ਼ਦੀਕੀਆਂ ਨੂੰ ਪਤਾ ਹੁੰਦਾ, ਪਰਿਵਾਰ ਵਾਲੇ ਮੀਡੀਏ 'ਚ ਗੱਲ ਨਹੀਂ ਲੈ ਕੇ ਆਉਂਦੇ ਤੇ ਪੰਜਾਬ ਵਾਲੇ ਹਰ ਇੱਕ ਦੀ ਗੱਲ ਮੀਡੀਏ 'ਚ ਆ ਜਾਂਦੀ।ਹੋਰਾਂ ਦਾ ਪਤਾ ਨਹੀਂ, ਹਰ ਹਫਤੇ ਇੱਕ ਜਾਂ ਦੋ ਫੋਨ, ਜਾ ਖ਼ਬਰ ਜ਼ਰੂਰ ਸਾਹਮਣੇ ਆਉਂਦੀ ਹੈ ਕਿ ਮੁੰਡਾ ਪੂਰਾ ਹੋ ਗਿਆ, ਲਾਸ਼ ਪੰਜਾਬ ਭੇਜਣੀ, ਕੀ ਤਰੀਕਾ ਹੈ? ਜਾਂ ਭਾਈਚਾਰੇ ਤੋਂ ਮਦਦ ਹੀ ਕਰਵਾ ਦਿਓ। ਮਰਨ ਵਾਲੇ ਹਾਦਸੇ 'ਚ ਜਾਨ ਗਵਾਉਣ ਵਾਲੇ ਵੀ ਹੁੰਦੇ ਤੇ ਓਵਰਡੋਜ਼ ਵਾਲੇ ਵੀ। ਮਰਨ ਵਾਲਿਆਂ 'ਚ ਕੁੜੀਆਂ ਘੱਟ ਹੁੰਦੀਆਂ ਤੇ ਮੁੰਡੇ ਵੱਧ। ਅਜਿਹਾ ਹੋਰ ਪੱਤਰਕਾਰਾਂ ਨਾਲ ਵੀ ਹੁੰਦਾ ਹੋਵੇਗਾ।

ਆਓ! ਸੱਚ ਦਾ ਸਾਹਮਣਾ ਕਰੀਏ ਤੇ ਫਿਰ ਓਸ ਨਾਲ ਜੂਝੀਏ। ਪਰਦੇ ਪਾ-ਪਾ ਗੱਲ ਕਿਸੇ ਸਿਰੇ ਨਹੀਂ ਲੱਗਣੀ। ਹਰੇਕ ਦੇ ਬੱਚੇ ਬਾਰੇ ਇਹ ਕਹਿਣਾ ਵੀ ਵਾਜਿਬ ਨਹੀਂ ਕਿ ਓਵਰਡੋਜ਼ ਨਾਲ ਮਰਿਆ, ਹੋਰ ਕਾਰਨ ਵੀ ਹੋ ਸਕਦੇ ਪਰ ਬਹੁਤਾਤ ਕਾਰਨ ਇਹੀ ਹੈ।

**-ਗੁਰਪ੍ਰੀਤ ਸਿੰਘ ਸਹੋਤਾ**

# ਹਰਿਆਣੇ ਨੂੰ ਇਕ ਬੂੰਦ ਵੀ ਪਾਣੀ ਨਹੀਂ ਦਿੱਤਾ ਜਾਵੇਗਾ:ਰਾਜਾ ਵੜਿੰਗ

ਖੰਨਾ : ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਗਲ਼ ਜਿਹੜਾ ਵਿਅਕਤੀ ਜੁੱਤੀਆਂ ਦਾ ਹਾਰ ਪਾਵੇਗਾ, ਉਸ ਨੂੰ ਇਕ ਲੱਖ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਇਹ ਐਲਾਨ ਪੰਨੂ ਵੱਲੋਂ ਰਾਹੁਲ ਗਾਂਧੀ ਦੀ ਪੰਜਾਬ ਫੇਰੀ ਰੋਕਣ ਦੀ ਧਮਕੀ ਦੇ ਜਵਾਬ 'ਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੀਤਾ।

ਐੱਸਵਾਈਐੱਲ ਦੇ ਮੁੱਦੇ 'ਤੇ 4 ਜਨਵਰੀ ਨੂੰ ਮੁੱਖ ਮੰਤਰੀਆਂ ਨੂੰ ਬੁਲਾਉਣ ਦੇ ਮੁੱਦੇ 'ਤੇ ਰਾਜਾ ਵੜਿੰਗ ਨੇ ਕਿਹਾ ਕਿ ਉਹ ਭਵਿੱਖਬਾਣੀ ਕਰਦੇ ਹਨ ਕਿ ਕੇਂਦਰ ਹਰਿਆਣੇ ਨੂੰ ਪਾਣੀ ਦੇਣ ਦੀ ਵਕਾਲਤ ਕਰੇਗਾ ਪਰ ਕਾਂਗਰਸ ਆਪਣਾ ਖ਼ੂਨ ਵਹਾਏਗੀ ਤੇ ਪਾਣੀ ਦੀ ਇਕ ਬੂੰਦ ਵੀ ਨਹੀਂ ਜਾਣ ਦੇਵੇਗੀ। ਦੂਜੇ ਪਾਸੇ ਕਾਂਗਰਸ ਦੇ ਖੰਨਾ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਲੱਖਾ ਨੇ ਭਾਰਤ ਜੋੜੋ ਯਾਤਰਾ ਬਾਰੇ ਦੱਸਿਆ ਕਿ ਇਹ ਯਾਤਰਾ 11 ਤਰੀਕ ਨੂੰ ਖੰਨਾ ਜ਼ਿਲ੍ਹੇ 'ਚ ਆਵੇਗੀ। ਇਹ ਯਾਤਰਾ ਦੇਸ਼ 'ਚ ਨਫ਼ਰਤ ਦੀ ਰਾਜਨੀਤੀ ਨੂੰ ਖ਼ਤਮ ਕਰੇਗੀ।


GARCHA Plumbing Heating & Repair Ltd.

15 Yrs Experience

ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All





TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

6 ਜਨਵਰੀ, ਦਿਨ ਸ਼ੁੱਕਰਵਾਰ.....ਸਵੇਰ ਨੂੰ 10:00 ਵਜੇ ਭਾਈ ਸਤਪਾਲ ਸਿੰਘ ਪਾਬਲਾ ਅਤੇ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 8 ਜਨਵਰੀ, ਦਿਨ ਐਤਵਾਰ ਸਵੇਰ 9:30 ਵਜੇ ਪਾਏ ਜਾਣਗੇ।

6 ਜਨਵਰੀ, ਦਿਨ ਸ਼ੁੱਕਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਕੁਲਵੰਤ ਸਿੰਘ ਬੰਗਾ ਅਤੇ ਪਰਿਵਾਰ ਵਲੋਂ ਹੋਵੇਗੀ।

7 ਜਨਵਰੀ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

7 ਜਨਵਰੀ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਦਲਜਿੰਦਰ ਕੌਰ ਝੁਲਕੂ ਅਤੇ ਪਰਿਵਾਰ ਵਲੋਂ ਹੋਵੇਗੀ।

8 ਜਨਵਰੀ,ਦਿਨ ਐਤਵਾਰ........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਗਿਆਨ ਕੌਰ ਲਾਲੀ ਅਤੇ ਪਰਿਵਾਰ ਵਲੋਂ ਹੋਵੇਗੀ।

8 ਜਨਵਰੀ, ਦਿਨ ਐਤਵਾਰ.......ਬਾਅਦ ਦੁਪਹਿਰ 4:30 ਵਜੇ ਸਵ. ਭਾਈ ਕੁਲਜੀਤ ਸਿੰਘ ਮਾਣਕ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

13 ਜਨਵਰੀ, ਦਿਨ ਸ਼ੁੱਕਰਵਾਰ....ਲੋਹੜੀ ਦਾ ਦਿਨ ਹੈ, ਸ਼ਾਮ ਨੂੰ ਨੰਬਰ ਇਕ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਮਾਨ ਸਿੰਘ ਘੱਗ ਅਤੇ ਪਰਿਵਾਰ ਤੇ ਨੰਬਰ ਦੋ ਦਰਬਾਰ ਹਾਲ ਵਿਚ ਭਾਈ ਅਮਰੀਕ ਸਿੰਘ ਸ਼ੋਕਰ ਅਤੇ ਪਰਿਵਾਰ ਵਲੋਂ ਹੋਵੇਗੀ।

14 ਜਨਵਰੀ, ਦਿਨ ਸ਼ਨਿੱਚਰਵਾਰ.ਸੰਗਰਾਂਦ ਹੈ, ਸਵੇਰ ਨੂੰ ਨੰਬਰ ਇਕ ਦਰਬਾਰ ਹਾਲ ਵਿਚ ਬੀਬੀ ਮੋਨਾ ਬੈਂਸ ਅਤੇ ਪਰਿਵਾਰ ਵਲੋਂ ਅਤੇ ਸ਼ਾਮ ਨੂੰ ਭਾਈ ਫ਼ਜ਼ੂ ਸਿੰਘ ਗੋਸਲ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।

14 ਜਨਵਰੀ, ਦਿਨ ਸ਼ਨਿੱਚਰਵਾਰ.ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਅਮਰਜੀਤ ਕੌਰ ਗਿੱਲ ਅਤੇ ਪਰਿਵਾਰ ਵਲੋਂ ਹੋਵੇਗੀ। ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਤਵਿੰਦਰ ਸਿੰਘ ਰੰਧਾਵਾ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

(ਸਫਾ ਏ21 ਦੀ ਬਾਕੀ)

ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। 30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਚਾਓ ਪੱਖ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ ‘ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ ‘ਚੋਂ ਚਾਰ ਕੁ ਹੀ ਭਾਰਤੀ ਸਨ। ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ ਇਸ ਮੌਕੇ ‘ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਇੰਟਰਪਰੇਟਰ ਮਿਸਟਰ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ, ਜਿੰਨ੍ਹਾਂ ਨੂੰ ਪੰਜਾਬੀ ਵਿਚ ਅਨੁਵਾਦਤ ਕਰਦਿਆਂ ਇਤਿਹਾਸਕਾਰ ਸੋਹਣ ਸਿੰਘ ਪੂਨੀ ਨੇ ਇਉਂ ਲਿਖਿਆ ਹੈ: ‘’ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ ‘ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰੁਦਆਰੇ ‘ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ ‘ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ ‘ਚ ਅੱਗ ਲਾ ਦਿੱਤੀ ਹੈ। ਇਹ ਸਭ ਕਾਸੇ ਲਈ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ।“ “ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ ‘ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।‘’ ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ ‘ਚ ਉਨ੍ਹਾ ਵਿੱਚ ਆਏ ਭਾਰਤੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ, ਖਾਸ ਕਰਕੇ ਸਿੱਖਾਂ ਨਾਲ ਹੋ ਰਹੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ। ਆਪਣੇ ਸ਼ਬਦਾਂ ‘ਚ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ ‘ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ।11 ਜਨਵਰੀ 1915 ਈ. ਨੂੰ ਨਿਊਵੈਸਟਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ ‘’ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ’’ ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ ‘ਚ ‘ਸ਼ਹੀਦ ਮੇਵਾ ਸਿੰਘ ਅਮਰ ਰਹੇ’ ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਇਹ ਵੀ ਇਤਫ਼ਾਕ ਦੀ ਗੱਲ ਹੈ ਕਿ ਜਿਹੜਾ ਦਿਨ ਭਾਈ ਮੇਵਾ ਸਿੰਘ ਜੀ ਦੀ ਸ਼ਹੀਦੀ ਦਾ ਹੈ, ਉਸ ਦੇ ਨੇੜ-ਤੇੜ ਅਸੀਂ ਆਪਣੇ ਘਰਾਂ ਵਿੱਚ ਲੋਹੜੀ ਬਾਲਦੇ ਹਾਂ, ਪਰ ਇਹ ਭੁੱਲ ਜਾਂਦੇ ਹਾਂ ਕਿ ਭਾਈ ਮੇਵਾ ਸਿੰਘ ਨੇ ਆਪ ਗ੍ਰਹਿਸਥੀ ਜੀਵਨ ਅਤੇ ਘਰ ਦਾ ਦੀਵਾ ਨਾ ਬਾਲ ਕੇ, ਸਾਡੇ ਘਰਾਂ ਦੇ ਦੀਵੇ ਰੌਸ਼ਨ ਕੀਤੇ ਸਨ, ਪਰ ਅਸੀਂ ਅਕਿਰਤਘਣ ਹੋ ਕੇ ਇਸ ਗੱਲ ਪ੍ਰਤੀ ਖਿਆਲ ਨਹੀਂ ਰੱਖਦੇ। ਭਾਈ ਮੇਵਾ ਸਿੰਘ ਜੀ ਦਾ ਸ਼ਹੀਦੀ ਦਿਨ ਸਾਨੂੰ ਸਭਨਾਂ ਨੂੰ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ।

ਭਾਈ ਸਾਹਿਬ ਦੀ ਸ਼ਹਾਦਤ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਲੰਮੀ ਜੰਗ ਦੀ ਪ੍ਰਤੀਕ ਹੈ, ਜੋ ਅੱਜ ਵੀ ਜਾਰੀ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਨਸਲਵਾਦ ਅਤੇ ਬਸਤੀਵਾਦ ਦਾ ਅੱਜ ਨਵਾਂ ਰੂਪ ਵੇਖਣ ਨੂੰ ਮਿਲ ਰਿਹਾ ਹੈ, ਅੱਜ ਹੋਰ ਵੀ ਵਧ ਖ਼ਤਰਨਾਕ ਹੈ। ਇਕ ਪਾਸੇ ਭਾਈ ਮੇਵਾ ਸਿੰਘ ਸ਼ਹੀਦ ਵਰਗੇ ਯੋਧਿਆਂ ਨੇ ਭਾਰਤ ਅੰਦਰੋਂ ਨਸਲਵਾਦ ਅਤੇ ਬਸਤੀਵਾਦੀ ਦੀ ਜੜ੍ਹ ਪੁੱਟਣ ਲਈ ਸ਼ਹੀਦੀਆਂ ਪਾਈਆਂ, ਦੂਜੇ ਪਾਸੇ ਅੱਜ ਭਾਰਤ ਅੰਦਰ ਨਵ- ਬਸਤੀਵਾਦ ਭਾਰੂ ਹੋ ਚੁੱਕਿਆ ਹੈ, ਜਿਸ ਦੀ ਜੜ੍ਹ ਪੁੱਟਣ ਲਈ ਅੱਜ ਫੇਰ ਏਕੇ ਦੀ ਲੋੜ ਹੈ।

ਇਕ ਹੋਰ ਦੁਖਦਾਈ ਪਹਿਲੂ ਇਹ ਹੈ ਕਿ ਕੈਨੇਡਾ ਦੇ ਇਤਿਹਾਸ ਵਿਚ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਅਜੇ ਵੀ ‘ਸ਼ਹੀਦ ਦੀ ਥਾਂ ਤੇ ਮੁਜਰਿਮ’ ਕਰਾਰ ਦਿੱਤੇ ਹੋਏ ਹਨ। ਅਜੇਹੇ ਗਲਤ ਇਤਿਹਾਸ ਨੂੰ ਠੀਕ ਕਰਾਉਣ ਦੀ ਲੋੜ ਹੈ। ਧੰਨਵਾਦ ਕਰਨਾ ਬਣਦਾ ਹੈ ਸਿਟੀ ਆਫ ਨਿਊ ਵੈਸਟਮਿਨਸਟਰ ਦੇ ਸਾਬਕਾ ਕੌਂਸਲਰ ਚਕ ਪਕ ਮਾਇਰ ਦਾ, ਜਿਨ੍ਹਾਂ ਨੇ ਭਾਈ ਮੇਵਾ ਸਿੰਘ ਦੀ ਸ਼ਹੀਦੀ ਨੂੰ ਯਾਦ ਕੀਤਾ ਅਤੇ 11 ਜਨਵਰੀ ਦੇ ਦਿਨ ‘ਭਾਈ ਮੇਵਾ ਸਿੰਘ ਦਿਹਾੜਾ’ ਘੋਸ਼ਿਤ ਕਰਵਾਇਆ ਸੀ, ਪਰ ਦੁੱਖ ਹੈ ਕਿ ਭਾਰਤੀ ਮੂਲ ਦੇ ਕੈਨੇਡੀਅਨ ਸਿਆਸਤਦਾਨ ਇਸ ਬਾਰੇ ਚੁੱਪ ਹਨ। ਇਸ ਸਬੰਧ ਵਿਚ 14 ਜਨਵਰੀ ਨੂੰ, ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਗੁਰਦੁਆਰਾ ਸਾਹਿਬ ਨਿਊ ਵੈਸਟਮਿਨਸਟਰ ਵੱਲੋਂ ਵਿਸ਼ੇਸ਼ ਸੈਮੀਨਾਰ, ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ‘ਤੇ ਸਭ ਨੂੰ ਵੱਧ-ਚੜ੍ਹ ਕੇ ਸ਼ਾਮਲ ਹੋਣ ਦੀ ਗੁਜਾਰਿਸ਼ ਕੀਤੀ ਜਾਂਦੀ ਹੈ।









# ਹਸਗੁੱਲੇ

ਅਧਿਆਪਕ (ਗੋਲੂ ਨੂੰ)-ਗਰਮੀਆਂ ਵਿਚ ਫੈਲਣਦੀ ਅਤੇ ਸਰਦੀਆਂ ਵਿਚ ਸੁੰਗੜਨ ਦੀ ਕੋਈ ਉਦਾਹਰਨ ਦਿਓ। ਗੋਲੂ-ਜੀ, ਗਰਮੀਆਂ ਵਿਚ ਛੁੱਟੀਆਂ ਫੈਲ ਕੇ ਦੋ ਮਹੀਨੇ ਦੀਆਂ ਹੋ ਜਾਂਦੀਆਂ ਹਨ ਤੇ ਸਰਦੀਆਂ ਵਿਚ ਸੁੰਗੜ ਕੇ 15 ਦਿਨ ਦੀਆਂ ਰਹਿ ਜਾਂਦੀਆਂ ਹਨ।

*************

ਹਨੀ (ਮਨੀ ਨੂੰ), ‘’ਸਾਈਕਲ ਅਤੇ ਬੱਸ ਵਿੱਚ ਕੀ ਫਰਕ ਹੈ?”

ਮਨੀ, ‘’ਬੱਸ ਦਾ ਸਟੈਂਡ ਕਦੇ ਵੀ ਬੱਸ ਨਾਲ ਨਹੀਂ ਜਾਂਦਾ, ਪਰ ਸਾਈਕਲ ਸਟੈਂਡ ਸਾਈਕਲ ਦੇ ਨਾਲ ਜਾਂਦਾ ਹੈ।”

*************

ਗਾਹਕ (ਦੁਕਾਨਦਾਰ ਨੂੰ), ‘’ਮੈਨੂੰ ਇਹ ਕੱਪੜਾ ਬਹੁਤ ਪਸੰਦ ਹੈ, ਪਰ ਇਸ ਦਾ ਰੰਗ ਪਸੰਦ ਨਹੀਂ।”

ਦੁਕਾਨਦਾਰ, ‘’ਚਿੰਤਾ ਨਾ ਕਰੋ, ਇਕ ਧੁਆਈ ਤੋਂ ਬਾਅਦ ਰੰਗ ਆਪਣੇ ਆਪ ਉਡ ਜਾਏਗਾ।”

*************

ਅਧਿਆਪਕਾ ਜਮਾਤ ‘ਚ ਸੌਂ ਗਈ ਤਾਂ ਇਕ ਛੋਟਾ ਸ਼ਰਾਰਤੀ ਬੱਚਾ ਉਸ ਨੂੰ ਜਗਾਉਣ ਗਿਆ।

ਬੱਚਾ ਬੋਲਿਆ, ‘’ਮੈਡਮ, ਤੁਸੀਂ ਜਮਾਤ ਵਿੱਚ ਸੌਂ ਰਹੇ ਹੋ?”

ਅਧਿਆਪਕਾ, ‘’ਨਹੀਂ ਬੇਟਾ, ਮੈਂ ਸੌਂ ਨਹੀਂ ਰਹੀ, ਮੈਂ ਅੱਖਾਂ ਬੰਦ ਕਰਕੇ ਰੱਬ ਨਾਲ ਗੱਲਾਂ ਕਰ ਰਹੀ ਸੀ।” ਅਗਲੇ ਦਿਨ ਉਹ ਬੱਚਾ ਜਮਾਤ ਵਿੱਚ ਸੌਂ ਗਿਆ ਤਾਂ ਅਧਿਆਪਕਾ ਨੇ ਉਸ ਨੂੰ ਜਗਾਇਆ।

ਅਧਿਆਪਕਾ, ‘’ਬੇਟਾ, ਜਮਾਤ ਵਿੱਚ ਸੌਂਦੇ ਨਹੀਂ।”

ਬੱਚਾ, ‘’ਨਹੀਂ ਮੈਡਮ, ਮੈਂ ਸੌਂ ਨਹੀਂ ਰਿਹਾ ਸੀ, ਮੈਂ ਤਾਂ ਰੱਬ ਨਾਲ ਗੱਲਾਂ ਕਰ ਰਿਹਾ ਸੀ।”

ਅਧਿਆਪਕਾ, ‘’ਚੰਗਾ ਤਾਂ ਕੀ ਕਿਹਾ ਰੱਬ ਨੇ?” ਬੱਚਾ, ‘’ਰੱਬ ਨੇ ਦੱਸਿਆ ਕਿ ਉਸਦੀ ਕੱਲ੍ਹ ਤੁਹਾਡੇ ਨਾਲ ਕੋਈ ਗੱਲ ਹੀ ਨਹੀਂ ਹੋਈ ਸੀ।”

*************

ਪਤੀ (ਮਰਨ ਵੇਲੇ ਪਤਨੀ ਨੂੰ), ‘’ਅਲਮਾਰੀ ਵਿੱਚੋਂ ਤੇਰੇ ਸੋਨੇ ਦੇ ਗਹਿਣੇ ਮੈਂ ਹੀ ਚੋਰੀ ਕੀਤੇ ਸਨ।”

ਪਤਨੀ (ਰੋਂਦੀ ਹੋਈ), ‘’ਕੋਈ ਗੱਲ ਨਹੀਂ ਜੀ।”

ਪਤੀ, ‘’ਤੇਰੇ ਭਰਾ ਨੇ ਜਿਹੜੇ ਇੱਕ ਲੱਖ ਰੁਪਏ ਤੈਨੂੰ ਦਿੱਤੇ ਸਨ, ਉਹ ਵੀ ਮੈਂ ਗਾਇਬ ਕੀਤੇ ਸਨ।”

ਪਤਨੀ, ‘’ਕੋਈ ਗੱਲ ਨਹੀਂ ਜੀ, ਮੈਂ ਤੁਹਾਨੂੰ ਮੁਆਫ ਕਰ ਦਿੱਤਾ।”

ਪਤੀ, ‘’ਤੇਰੀਆਂ ਕੀਮਤੀ ਸਾੜ੍ਹੀਆਂ ਵੀ ਚੋਰੀ ਕਰ ਕੇ ਮੈਂ ਆਪਣੀ ਪ੍ਰੇਮਿਕਾ ਨੂੰ ਦੇ ਦਿੱਤੀਆਂ ਸਨ।”

ਪਤਨੀ, ‘’ਕੋਈ ਗੱਲ ਨਹੀਂ ਜੀ। ਤੁਹਾਨੂੰ ਜ਼ਹਿਰ ਵੀ ਮੈਂ ਹੀ ਦਿੱਤਾ ਹੈ। ਹਿਸਾਬ ਬਰਾਬਰ।”

*************

ਪੱਪੂ ਐਲ ਕੇ ਜੀ ਵਿੱਚ ਪੜ੍ਹਦਾ ਸੀ। ਇੱਕ ਵਾਰ ਉਹ ਇੱਕ ਹਫਤੇ ਤੱਕ ਲਗਾਤਾਰ ਦੇਰ ਨਾਲ ਸਕੂਲ ਆਉਂਦਾ ਰਿਹਾ। ਇੱਕ ਦਿਨ ਉਸ ਨੂੰ ਰੋਕ ਕੇ ਮੈਡਮ ਨੇ ਪੁੱਛਿਆ, ‘’ਤੂੰ ਰੋਜ਼ ਸਕੂਲ ਲੇਟ ਕਿਉਂ ਆਉਂਦਾ ਹੈਂ?”

ਪੱਪੂ ਨੇ ਨਜ਼ਰਾਂ ਨੀਵੀਆਂ ਕਰ ਕੇ ਕਿਹਾ, ‘’ਮੈਡਮ!

ਤੁਸੀਂ ਮੇਰੀ ਜ਼ਿਆਦਾ ਚਿੰਤਾ ਨਾ ਕਰਿਆ ਕਰੋ, ਸਾਰੇ ਬੱਚੇ ਗਲਤ ਸਮਝਦੇ ਹਨ।”

*************

ਰਾਮ, ‘’ਯਾਰ, ਮੈਂ ਸੋਚ ਰਿਹਾ ਸੀ ਕਿ ਦੁਨੀਆ ਵਿੱਚ ਕਿੰਨੇ ਲੋਕ ਮੂਰਖ ਹੋਣਗੇ।”

ਸ਼ਾਮ, ‘’ਯਾਰ, ਹਰ ਵੇਲੇ ਆਪਣੇ ਬਾਰੇ ਨਾ ਸੋਚੀ ਜਾਇਆ ਕਰ, ਕਦੇ ਦੂਜਿਆਂ ਬਾਰੇ ਵੀ ਸੋਚਿਆ ਕਰ।”

*************

ਪੱਪੂ (ਸੁਰਿੰਦਰ ਨੂੰ), ‘’ਯਾਰ, ਕੋਈ ਅਜਿਹਾ ਤੋਹਫਾ ਦੱਸ, ਜੋ ਸਿੱਧਾ ਤੇਰੀ ਭਰਜਾਈ ਦੇ ਦਿਲ ‘ਤੇ ਲੱਗੇ।”

ਸੁਰਿੰਦਰ, ‘’ਗੋਲੀ ਮਾਰ ਦੇ।”

*************

ਪਤਨੀ, ‘’ਸੁਣੋ ਜੀ ਅਖਬਾਰ ‘ਚ ਖਬਰ ਹੈ ਕਿ ਇਕ ਵਿਅਕਤੀ ਨੇ ਆਪਣੀ ਪਤਨੀ ਨੂੰ ਵੇਚ ਦਿੱਤਾ?”

ਪਤੀ, ‘’ਅੱਛਾ! ਕਿੰਨੇ ‘ਚ?”

ਪਤਨੀ, ‘’ਇਕ ਸਾਈਕਲ ਦੇ ਬਦਲੇ। ਕਿਤੇ ਤੂੰ ਵੀ ਤਾਂ ਅਜਿਹਾ ਨਹੀਂ ਕਰੇਂਗਾ?”

ਪਤੀ, ‘’ਮੈਂ ਇੰਨਾ ਮੂਰਖ ਥੋੜ੍ਹਾ ਹਾਂ, ਤੇਰੇ ਬਦਲੇ ‘ਚ ਘੱਟੋ-ਘੱਟ ਸਕੂਟਰ ਤਾਂ ਆ ਹੀ ਸਕਦਾ ਹੈ..।”

*************

ਇਕ ਔਰਤ ਨੇ ਨਾਟਕ ਵਿੱਚ ਝਗੜਾਲੂ ਪਤਨੀ ਦੀ ਸਫਲ ਪੇਸ਼ਕਾਰੀ ਦਿੱਤੀ, ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ।

ਨਾਟਕ ਤੋਂ ਬਾਅਦ ਇਕ ਪੱਤਰਕਾਰ ਨੇ ਉਸ ਨੂੰ ਪੁੱਛਿਆ, ‘’ਪਹਿਲੀ ਵਾਰ ‘ਚ ਹੀ ਤੁਹਾਡੀ ਸਫਲ ਪੇਸ਼ਕਾਰੀ ਦਾ ਰਾਜ਼ ਕੀ ਹੈ?”

ਔਰਤ ਬੋਲੀ, ‘’ਇਸ ਵਿੱਚ ਕੋਈ ਖਾਸ ਗੱਲ ਨਹੀਂ। ਮੰਚ ‘ਤੇ ਆਪਣੇ ਸਾਥੀ ਕਲਾਕਾਰ ਨਾਲ ਬੋਲਣ ਵੇਲੇ ਮੈਂ ਮਨ ਵਿੱਚ ਇਹੋ ਸੋਚ ਲਿਆ ਸੀ ਕਿ ਅਸਲ ਵਿੱਚ ਆਪਣੇ ਪਤੀ ਨਾਲ ਗੱਲ ਕਰ ਰਹੀ ਹਾਂ।”

*************

ਨਵਾਂ ਵਿਆਹਿਆ ਜੋੜਾ ਇਕ ਵਾਰ ਕਿਸੇ ਕੋਲ ਮਹਿਮਾਨ ਬਣ ਕੇ ਆਇਆ। ਦੋਵੇਂ ਪਤੀ-ਪਤਨੀ ਨੇ ਵਧ-ਚੜ੍ਹ ਕੇ ਉਨ੍ਹਾਂ ਦਾ ਸਵਾਗਤ ਕੀਤਾ। 4-5 ਦਿਨਾਂ ਬਾਅਦ ਉਹ ਚਲੇ ਗਏ।ਪਤਨੀ ਨੇ ਪਤੀ ਨੂੰ ਪੁੱਛਿਆ,

‘’ਕਿਉਂ ਜੀ, ਉਹ ਤੁਹਾਡੇ ਕਿਹੜੇ ਰਿਸ਼ਤੇਦਾਰ ਸਨ?” ਇੰਨਾ ਸੁਣਦਿਆਂ ਹੀ ਪਤੀ ਬੇਹੋਸ਼ ਹੋ ਗਿਆ। ਹੋਸ਼ ‘ਚ ਆਉਣ ਪਿੱਛੋਂ ਉਸ ਨੇ ਕਿਹਾ, ‘’ਮੈਂ ਤਾਂ ਸਮਝ ਰਿਹਾ ਸੀ ਕਿ ਉਹ ਤੇਰੇ ਰਿਸ਼ਤੇਦਾਰ ਹਨ।”

*************

ਮੁੰਡਾ ਕੁੜੀ ਨੂੰ ਤੰਗ ਕਰ ਰਿਹਾ ਸੀ।

ਕੁੜੀ, ‘’ਤੇਰੇ ਘਰ ਮਾਂ-ਭੈਣ ਨਹੀਂ ਹਨ?”

ਮੁੰਡਾ, ‘’ਮਾਂ-ਭੈਣ ਤਾਂ ਹਨ, ਬਸ ਤੇਰੀ ਕਮੀ ਹੈ।”

ਕੁੜੀ, ‘’ਤੈਨੂੰ ਮੇਰੀ ਕਮੀ ਮਹਿਸੂਸ ਹੋ ਰਹੀ ਹੈ?

ਇਹ ਗੱਲ ਜੇ ਮੇਰੇ ਪੰਜ ਭਰਾਵਾਂ ਨੂੰ ਪਤਾ ਲੱਗ ਗਈ ਤਾਂ ਤੇਰੇ ਘਰ ਵਾਲਿਆਂ ਨੂੰ ਤੇਰੀ ਕਮੀ ਮਹਿਸੂਸ ਹੋਵੇਗੀ।”

*************

ਬੇਟੇ ਸ਼ਿਆਮ ਲਾਲ ਦੇ ਰਿਪੋਰਟ ਕਾਰਡ ‘ਤੇ ਉਸ ਦੇ ਪਿਤਾ ਰਾਮਲਾਲ ਨੇ ਹਸਤਾਖਰ ਕਰਨ ਦੀ ਬਜਾਏ ਅੰਗੂਠਾ ਲਾਇਆ ਤਾਂ ਸ਼ਿਆਮ ਲਾਲ ਨੇ ਕਿਹਾ, ‘‘ਪਾਪਾ ਤੁਸੀਂ ਤਾਂ ਇੰਜੀਨੀਅਰ ਹੋ, ਫਿਰ ਅੰਗੂਠਾ ਕਿਉਂ ਲਾਇਆ?”

ਰਾਮਲਾਲ, ‘‘ਇਸ ਲਈ ਕਿ ਤੇਰੇ ਨੰਬਰ ਦੇਖ ਕੇ ਤੇਰੇ ਮਾਸਟਰ ਨੂੰ ਇਹ ਪਤਾ ਨਾ ਲੱਗੇ ਕਿ ਨਾਲਾਇਕ ਦਾ ਬਾਪ ਪੜ੍ਹਿਆ ਲਿਖਿਆ ਹੈ।”

*************

ਮਨੂ (ਦੋਸਤ ਨੂੰ), ‘‘ਪਤਾ ਨਹੀਂ ਵਿਆਹ ਤੋਂ ਬਾਅਦ ਲੋਕ ਪਤਨੀ ਤੋਂ ਡਰਨ ਕਿਉਂ ਲੱਗਦੇ ਹਨ।”

ਦੋਸਤ, ‘‘...ਤਾਂ ਕੀ ਤੂੰ ਨਹੀਂ ਡਰਦਾ?”

ਮਨੂ, ‘‘ਕਿੱਥੇ ਡਰਦਾ ਹਾਂ, ਮੈਂ ਅੱਜ ਸਾਫ-ਸਾਫ ਕਹਿ ਦਿੱਤਾ ਕਿ ਅਜੇ ਸਮਾਂ ਨਹੀਂ, ਭਾਂਡੇ ਸ਼ਾਮ ਨੂੰ ਮਾਂਜਾਂਗਾ।”

*********

ਰਤਨ, ‘‘ਯਾਰ, ਵਿਆਹ ਵਿੱਚ ਜਾਣਾ ਹੈ, ਕਿਹੋ ਜਿਹਾ ਕੋਟ ਪਾ ਕੇ ਜਾਵਾਂ? ਕੁਝ ਅਜਿਹਾ ਦੱਸ ਕਿ ਸਾਰੇ ਮੈਨੂੰ ਹੀ ਦੇਖਣ?”

ਚਰਨ, ‘‘ਪੇਟੀਕੋਟ ਪਾ ਕੇ ਚਲਾ ਜਾ, ਪੱਕਾ ਸਾਰੇ ਤੈਨੂੰ ਹੀ ਦੇਖਣਗੇ।”

*********

ਸੂਰਜ, ‘‘ਤੂੰ ਆਪਣੀ ਮੰਗਣੀ ਕਿਉਂ ਤੋੜ ਦਿੱਤੀ?”

ਪ੍ਰਮੋਦ, ‘‘ਓ ਯਾਰ, ਉਸ ਦਾ ਕੋਈ ਬੁਆਏ ਫਰੈਂਡ ਨਹੀਂ ਸੀ ਨਾ, ਇਸ ਲਈ।”

ਸੂਰਜ, ‘‘ਇਹ ਤਾਂ ਚੰਗੀ ਗੱਲ ਹੈ।”

ਪ੍ਰਮੋਦ, ‘‘ਕੀ ਸਵਾਹ ਚੰਗੀ ਗੱਲ ਹੈ। ਜੋ ਅੱਜ ਤੱਕ ਕਿਸੇ ਦੀ ਨਹੀਂ ਹੋ ਸਕੀ, ਉਹ ਮੇਰੀ ਕੀ ਹੋਵੇਗੀ।”

*********

ਕੱਲ੍ਹ ਸਕੂਲ ਵਿੱਚ ਨਾਲ ਪੜ੍ਹਨ ਵਾਲੀ ਇੱਕ ਕੁੜੀ ਰਸਤੇ ਵਿੱਚ ਮਿਲੀ ਤਾਂ ਲਲਿਤ ਪੁੱਛਣ ਲੱਗਾ, ‘‘ਤੈਨੂੰ ਯਾਦ ਹੈ ਅਸੀਂ ਇਕੱਠੇ ਪੜ੍ਹਦੇ ਸੀ?”

ਕੁੜੀ ਨੇ ਜਵਾਬ ਦਿੱਤਾ, ‘‘ਪੜ੍ਹਦੀ ਤਾਂ ਮੈਂ ਸੀ, ਤੂੰ ਤਾਂ ਮੁਰਗਾ ਬਣਦਾ ਹੁੰਦਾ ਸੀ।”

*********

ਇੱਕ ਔਰਤ ਵਿਧਵਾ ਪੈਨਸ਼ਨ ਦਾ ਫਾਰਮ ਭਰਨ ਗਈ।

ਅਧਿਕਾਰੀ ਨੇ ਪੁੱਛਿਆ, ‘‘ਕਿੰਨਾ ਸਮਾਂ ਹੋ ਗਿਆ ਤੁਹਾਡੇ ਪਤੀ ਨੂੰ ਗੁਜ਼ਰਿਆਂ?”

ਔਰਤ, ‘‘ਉਹ ਤਾਂ ਅਜੇ ਘਰ ਵਿੱਚ ਹੀ ਹਨ।”

ਅਧਿਕਾਰੀ, ‘‘ਫਿਰ ਫਾਰਮ ਕਿਉਂ ਭਰ ਰਹੇ ਹੋ ਤੁਸੀਂ?”

ਔਰਤ, ‘‘ਸਾਹਿਬ ਜੀ, ਸਰਕਾਰੀ ਕੰਮ ਵਿੱਚ ਸਮਾਂ ਲੱਗਦੈ। ਜਦੋਂ ਤੱਕ ਹੋਵੇਗਾ, ਉਸ ਵੇਲੇ ਤੱਕ ਮਰ ਜਾਣਗੇ?”

*********

ਪੱਪੂ, ‘‘ਚਾਹ-ਪੱਤੀ ਅਤੇ ਪਤੀ ਵਿੱਚ ਇੱਕੋ ਜਿਹਾ ਕੀ ਹੈ?” ਗੱਪੂ, ‘‘ਨਹੀਂ ਪਤਾ, ਤੂੰ ਹੀ ਦੱਸ ਦੇ।”

ਪੱਪੂ, ‘‘ਦੋਵਾਂ ਦੀ ਕਿਸਮਤ ਵਿੱਚ ‘ਸੜਨਾ’ ਅਤੇ ‘ਉਬਲਣਾ’ ਲਿਖਿਆ ਹੈ ਅਤੇ ਉਹ ਵੀ ਔਰਤਾਂ ਦੇ ਹੱਥੋਂ।”

*********

ਆਦਮੀ ਹਵਾਈ ਜਹਾਜ਼ ਵਿੱਚੋਂ ਉਤਰਿਆ ਤਾਂ ਦਰਵਾਜ਼ੇ ਉੱਤੇ ਖੜ੍ਹੀ ਏਅਰ ਹੋਸਟੈੱਸ ਬੋਲੀ, ‘‘ਉਮੀਦ ਹੈ ਸਰ ਕਿ ਤੁਹਾਨੂੰ ਫਲਾਈਟ ਵਿੱਚ ਘਰ ਵਰਗਾ ਮਾਹੌਲ ਮਿਲਿਆ ਹੋਵੇਗਾ।”

ਆਦਮੀ ਬੋਲਿਆ, ‘‘ਜੀ ਬਿਲਕੁਲ ਨਹੀਂ, ਘਰ ਵਿੱਚ ਤਾਂ ਮੇਰੀ ਕੋਈ ਸੁਣਦਾ ਹੀ ਨਹੀਂ, ਪਰ ਇਥੇ ਇੱਕ ਬਟਨ ਦਬਾਉਂਦਿਆਂ ਹੀ ਚਾਰ-ਚਾਰ ਆ ਜਾਂਦੀਆਂ ਹਨ।”

*********

ਪਤੀ ਨੇ ਪਤਨੀ ਨੂੰ ਬੜੇ ਪਿਆਰ ਨਾਲ ਕਿਹਾ, ‘‘ਕਾਸ਼! ਤੂੰ ਸ਼ੱਕਰ ਹੁੰਦੀ, ਕਦੇ ਤਾਂ ਮਿੱਠਾ ਬੋਲਦੀ।”

ਇਸ ਉੱਤੇ ਪਤਨੀ ਨੇ ਜਵਾਬ ਦਿੱਤਾ, ‘‘ਕਾਸ਼! ਤੁਸੀਂ ਅਦਰਕ ਹੁੰਦੇ, ਸਹੁੰ ਖਾਂਦੀ ਹਾਂ, ਜੀਅ ਭਰ ਕੇ ਕੁੱਟਦੀ।”

*********

ਅਮਨ, ‘‘ਬਈ ਮੇਕਅਪ ਕਿਸ ਨੂੰ ਕਹਿੰਦੇ ਹਨ?”

ਰਮਨ, ‘‘ਮੈਨੂੰ ਕੀ ਪਤਾ ਇਸ ਬਾਰੇ, ਤੂੰ ਹੀ ਦੱਸ ਦੇ।” ਅਮਨ, ‘‘ਪਤੀ ਦੇ ਪੈਸਿਆਂ ਨਾਲ ਹੀ ਪਤੀ ਨੂੰ ਬੇਵਕੂਫ ਬਣਾਉਣ ਦੀ ਸਾਜ਼ਿਸ਼ ਮੇਕਅਪ ਕਹਾਉਂਦੀ ਹੈ।



# ਗੁਰਦਵਾਰਾ ਸੁਖ ਸਾਗਰ ਖਾਲਸਾ ਦੀਵਾਨ ਸੁਸਾਇਟੀ ਨਿਊ ਵੈਸਟ ਵਿਖੇ ਜੈਕਾਰਿਆਂ ਦੀ ਗੂੰਜ ਵਿਚ ਕਿਹਾ '2023 ਨੂੰ ਜੀ ਆਇਆਂ'



















**ਨਿਊਵੈਸਟ:** ਗੁਰਦਵਾਰਾ ਸੁਖ ਸਾਗਰ ਖਾਲਸਾ ਦੀਵਾਨ ਸੁਸਾਇਟੀ ਨਿਊਵੈਸਟ ਵਿਖੇ 31 ਦਸੰਬਰ 2022 ਦੀ ਆਖਰੀ ਰਾਤ ਨੂੰ 12 ਵਜੇ ਤੱਕ ਦਰਬਾਰ ਸਜਾਏ ਗਏ। ਗੁਰਦਵਾਰਾ ਸਾਹਿਬ ਵਿਖੇ ਚੱਲ ਰਹੀ ਗੁਰਮਤਿ ਕਲਾਸ ਦੇ ਬੱਚਿਆਂ ਨੇ ਕੀਰਤਨ ਤੇ ਕਵੀਸ਼ਰੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਕੀਰਤਨੀ ਜਥਿਆਂ ਨੇ ਗੁਰਬਾਣੀ ਕੀਰਤਨ, ਢਾਡੀ ਜਥੇ ਅਤੇ ਕਥਾ ਵਾਚਕਾਂ ਨੇ ਨਿਹਾਲ ਕੀਤਾ। ਪਾਰਕਿੰਗ ਲਾਟ ਵਿੱਚ ਬਦਾਮਾਂ ਵਾਲਾ ਦੁੱਧ, ਜਲੇਬੀਆਂ ਤੇ ਹੋਰ ਸੁਆਦਲੇ ਲੰਗਰਾਂ ਨਾਲ ਸੰਗਤਾਂ ਦੀ ਸੇਵਾ ਕੀਤੀ। ਨਵਾਂ ਸਾਲ 2023 ਨੂੰ ਜੈਕਾਰਿਆਂ ਨਾਲ ਜੀ ਆਇਆ ਕਿਹਾ ਅਤੇ ਗਿ. ਹਰਬੰਸ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਮੁਖ ਸੇਵਾਦਾਰ ਭਾਈ ਹਰਭਜਨ ਸਿੰਘ ਅਟਵਾਲ ਅਤੇ ਸਮੂਹ ਸੇਵਾਦਾਰਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events



Capacity
350-375 seats

*Dream Catering "Your Venue, Our Food"*

We provide various Menu
Options to choose


ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC    Email:info@dreambanquethall.ca

# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca    Web:www.peacefurniture.ca